Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਦਸੰਬਰ 2017 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



"ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲਿਯੇ।
ਕਤਲ ਕਰਾਏ ਬਾਪ ਨੇ ਬੇਟੇ ਜਹਾਂ ਖ਼ੁਦਾ ਕੇ ਲਿਯੇ।"

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਨਿੱਕੀਆਂ ਜਿੰਦਾਂ ਵੱਡੇ ਸਾਕੇ



ਸ਼੍ਰੀ ਆਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਜਦੋਂ ਰਾਤ ਨੂੰ ਸਰਸਾ ਨਦੀ ਨੂੰ ਪਾਰ ਕੀਤਾ ਤਾਂ ਗੁਰਦੇਵ ਦਾ ਸਾਰਾ ਪਰਿਵਾਰ ਖੇਰੂ-ਖੇਰੂ ਹੋ ਗਿਆ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਕੀ ਸਾਰੇ ਸਾਥ ਤੋਂ ਵਿੱਛੜ ਗਏ। ਉਨ੍ਹਾਂ ਨਾਲ ਇਕੋ ਗੰਗਾ ਰਾਮ ਰਹਿ ਗਿਆ, ਜਿਸ ਨੂੰ ਗੰਗੂ ਕਿਹਾ ਜਾਂਦਾ ਸੀ। ਮਾਤਾ ਜੀ ਘੋੜੇ ਤੇ ਸਵਾਰ ਸਨ ਅਤੇ ਛੋਟਾ ਸਾਹਿਬਜ਼ਾਦਾ ਅੱਗੇ ਅਤੇ ਵੱਡਾ ਸਾਹਿਬਜ਼ਾਦਾ ਪਿੱਛੇ ਬੈਠਾ ਸੀ। ਮਾਤਾ ਜੀ ਪਾਸ ਮੋਹਰਾਂ ਦੀ ਖ਼ੁਰਜੀ ਵੇਖ ਕੇ ਗੰਗੂ ਦਾ ਦਿਲ ਲਲਚਾ ਗਿਆ। ਉਹ ਮਾਤਾ ਜੀ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਪਿਛਲੇ ਕਮਰੇ ਵਿਚ ਸੁਲਾ ਦਿਤਾ ਗਿਆ। ਜਿਉਂ ਹੀ ਮਾਤਾ ਜੀ ਦੀ ਅੱਖ ਲੱਗੀ ਗੰਗੂ ਨੇ ਮਾਤਾ ਜੀ ਦੇ ਸਰਹਾਣਿਓਂ ਮੋਹਰਾਂ ਦੀ ਖ਼ੁਰਜੀ ਚੁੱਕ ਲਈ। ਦਿਨ ਚੜ੍ਹੇ ਮਾਤਾ ਜੀ ਨੇ ਬੜੀ ਨਿਮਰਤਾ ਨਾਲ ਗੰਗੂ ਨੂੰ ਪੁੱਛਿਆ ਬੇਟਾ ਗੰਗੂ ਰਾਮ ਖ਼ੁਰਜੀ ਚੁੱਕ ਕੇ ਕਿਸੇ ਹੋਰ ਥਾਂ ਸੰਭਾਲ ਦਿੱਤੀ ਊ। ਏਨੀ ਗੱਲ ਸੁਣਦਿਆਂ ਹੀ ਗੰਗੂ ਭੜਕ ਉੱਠਿਆ ਅਤੇ ਕਹਿਣ ਲੱਗਾ ਚੰਗਾ ਦਿੱਤਾ ਜੋ ਕੀਤੀ ਦਾ ਫਲ। ਮੈਂ ਸਰਕਾਰ ਦੇ ਬਾਗੀਆਂ ਨੂੰ ਆਪਣੇ ਘਰ ਆਸਰਾ ਦਿੱਤਾ ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ। ਗੰਗੂ ਦੀ ਧਮਕੀ ਸੁਣ ਕੇ ਮਾਤਾ ਜੀ ਨੇ ਹੋਰ ਨਰਮ ਆਵਾਜ਼ ਵਿਚ ਕਿਹਾ ਪੁੱਤ ਮੈਂ ਤੈਨੂੰ ਚੋਰ ਕਿਉਂ ਬਣਾਉਣਾਂ ਸੀ ਜੋ ਮੈ ਤੈਨੂੰ ਪੁਤਰਾਂ ਵਾਂਗ ਪਾਲਿਆ ਏ, ਮੈਂ ਤਾਂ ਕਿਹਾ ਹੈ ਚੰਗਾ ਸਗੋਂ ਚਾਰ ਪੈਸੇ ਸੰਭਾਲ ਲਏ ਹਨ। ਪਰ ਗੰਗੂ ਇਸ ਪਿਆਰ ਨੂੰ ਨਾ ਮੰਨਿਆ ਬਾਹਰ ਨਿਕਲ ਗਿਆ। ਗੰਗੂ ਨੇ ਸਾਹਿਬਜ਼ਾਦੇ ਫੜਾ ਦਿੱਤੇ ਮਾਤਾ ਜੀ ਬਥੇਰਾ ਰੋਕ ਰਹੇ ਸਨ, ਪਰ ਮਾਰੀ ਮੱਤ ਵਾਲਾ ਗੰਗੂ ਮੁੜਿਆ ਨਾਂ।

ਜਾਨੀ ਖਾਂ ਅਤੇ ਮਾਨੀ ਖਾਂ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਨਜ਼ਰਬੰਦ ਕਰ ਦਿੱਤਾ। ਦੱਸ ਪੋਹ ਨੂੰ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖਾਂਨ ਕੋਲ ਪੇਸ਼ ਕਰ ਦਿੱਤਾ। ਉਸਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਕਿਲੇ ਦੇ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ। ਮਾਤਾ ਜੀ ਭੁੱਖੇ ਪੋਤਰਿਆਂ ਨੂੰ ਗੋਦ ਵਿੱਚ ਲੈ ਕੇ ਬੈਠੀ ਰਹੀ ਅਤੇ ਬਜ਼ੁਰਗਾਂ ਦੀ ਬਹਾਦਰੀ ਦੀਆਂ ਸਾਖੀਆਂ ਸੁਣਾਉਂਦੀ ਰਹੀ। ਬਿਸਤਰੇ ਤੋਂ ਬਿਨਾਂ ਠੰਡਾ ਬੁਰਜ, ਪੋਹ ਦੀ ਠੰਡੀ ਰਾਤ ਤੇ ਢਿੱਡੋਂ ਭੁੱਖੇ ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਅਗਲੇ ਦਿਨ ਕਚਿਹਿਰੀ ਲੱਗੀ ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ। ਕਚਿਹਰੀ ਦਾ ਮੁੱਖ ਦਰਵਾਜ਼ਾ ਬੰਦ ਕਰ ਦਿੱਤਾ ਗਿਆ ਅਤੇ ਛੋਟੀ ਬਾਰੀ ਵਿੱਚੋਂ ਲੰਘਾਉਣ ਦੀ ਸਾਜਸ਼ ਰਚੀ ਗਈ। ਇਹ ਸੋਚ ਸੀ ਕੇ ਸਾਹਿਬਜ਼ਾਦੇ ਬਾਰੀ ਵਿਚੋਂ ਝੁੱਕ ਕੇ ਕਚਿਹਰੀ ਵਿਚ ਦਾਖਲ ਹੋਣਗੇ। ਦੋ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਸਿੱਖਿਆ ਦਿੰਦਿਆਂ ਮਾਤਾ ਗੁਜਰੀ ਜੀ ਨੇ ਕਿਹਾਂ ਮੇਰੇ ਲਾਲ ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮਾਂ ਅੱਗੇ ਝੁੱਕਣਾ ਨਹੀਂ, ਗੱਜ ਕੇ ਫਤਿਹ ਬੁਲਾਉਣੀ। ਸਾਰੇ ਰਸਤੇ ਸਿਪਾਹੀ ਧਮਕੀਆਂ ਦਿੰਦੇ ਗਏ ਕਿ ਨਵਾਬ ਸਾਹਿਬ ਨੂੰ ਝੁੱਕ ਕੇ ਸਲਾਮ ਕਰਨਾਂ ਨਹੀਂ ਤਾਂ ਆਣਿਆਈ ਮੌਤੇ ਮਾਰੇ ਜਾਓਗੇ।

ਕਚਿਹਰੀ ਵਿਚ ਦਾਖਲੇ ਸਮੇਂ ਵੱਡੇ ਸਾਹਿਬਜ਼ਾਦੇ ਨੇ ਬਾਰੀ ਵਿਚੋਂ ਪਹਿਲਾ ਪੈਰ ਲੰਘਾਇਆ ਅਤੇ ਫਿਰ ਸਿਰ। ਵੱਡੇ ਵਲ ਦੇਖਕੇ ਛੋਟੇ ਨੇ ਵੀ ਇਵੇਂ ਹੀ ਕੀਤਾ ਦੁਸ਼ਮਣ ਦਾ ਇਹ ਮਕਾਰੀ ਭਰਿਆ ਵਾਰ ਖਾਲੀ ਗਿਆ। ਦੋਨਾਂ ਨੇ ਨਵਾਬ ਦੇ ਸਾਹਮਣੇ ਨਿਧੜਕ ਖਲੋ ਕੇ ਫਤਿਹ ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਵਜ਼ੀਰ ਖਾਨ ਬਹੁਤ ਨਰਾਜ਼ ਹੋਇਆ ਅਤੇ ਸਿਪਾਹੀ ਨੂੰ ਗੁੱਸੇ ਵਿਚ ਝਿੜਕਿਆ। ਇਕ ਪਾਸੇ ਸਾਹਿਬਜ਼ਾਦਿਆਂ ਨੂੰ ਰੋਕ ਕੇ ਧਮਕਾਇਆ ਗਿਆ ਅਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ। ਪਰ ਬਹਾਦਰ ਸਾਹਿਬਜ਼ਾਦੇ ਕਿਸੇ ਝਾਂਸੇ ਵਿਚ ਨਾ ਆਏ, ਤਾਂ ਆਖੀਰ ਵਿਚ ਵਜ਼ੀਰ ਖਾਂਨ ਨੇ ਕਿਹਾ "ਬੇਸਮਝ ਬਾਲਕੋ ਮੇਰੀ ਆਖਰੀ ਸ਼ਰਤ ਸੁਣ ਲਵੋ ਜਾਂ ਇਸਲਾਮ ਪਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਓਗੇ।" ਸਾਹਿਬਜ਼ਾਦਿਆਂ ਨੇ ਜਵਾਬ ਦਿੱਤਾ ਕਿ ਅਸੀਂ ਮੌਤ ਅਤੇ ਤਸੀਹਿਆਂ ਤੋਂ ਡਰਨ ਵਾਲੇ ਨਹੀਂ ਅਸੀਂ ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਤੇਰੀ ਇੱਕ ਨਹੀਂ ਮਨਾਂਗੇ। ਜਦੋਂ ਸਾਹਿਬਜ਼ਾਦਿਆਂ ਨੂੰ ਇਹ ਪੁੱਛਿਆ ਗਿਆ, "ਜੇ ਉਨ੍ਹਾਂ ਨੂੰ ਛੱਡ ਦਿੱਤਾ ਜਾਵੇ, ਤਾਂ ਉਹ ਕੀ ਕਰਨਗੇ?" ਤਾਂ ਇਹ ਜਵਾਬ ਦਿੱਤਾ ਗਿਆ ਕਿ ਉਹ ਵੱਡੇ ਹੋ ਕਿ ਆਪਣੀ ਫੋਜ ਤਿਆਰ ਕਰਕੇ ਜ਼ੁਲਮ ਵਿਰੁੱਧ ਲੜਾਈ ਲੜਨਗੇ।

ਸੁੱਚਾ ਨੰਦ ਨੇ ਇਹ ਸਲਾਹ ਦਿੱਤੀ ਕਿ ਇਹਨਾਂ ਦੋਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਸੁੱਚਾ ਨੰਦ ਦੀ ਰਾਏ ਸੁਣ ਕੇ ਮੋਲਵੀ ਵੀ ਤੇਜ਼ ਹੋ ਗਏ। ਵੱਡੇ ਮੁਫਤੀ ਨੂੰ ਫਤਵਾ ਦੇ ਦਿੱਤਾ ਅਤੇ ਕਿਹਾ ਇਨ੍ਹਾਂ ਜਿੱਦੀ ਬਾਲਕਾਂ ਨੂੰ ਜਿਊਂਦਿਆਂ ਕੰਧ ਵਿੱਚ ਚਿਣ ਦੇਣਾ ਚਾਹੀਦਾ ਹੈ। ਇਹ ਫੈਸਲਾ ਸੁਣ ਕੇ ਸ਼ੇਰ ਮੁਹੰਮਦ ਨੇ ਹਾਅ ਦਾ ਨਾਅਰਾ ਮਾਰਿਆ ਅਤੇ ਕਿਹਾ ਕਿ ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨ ਦੀ ਸਰ੍ਹਾ ਕਦੇ ਇਜਾਜ਼ਤ ਨਹੀਂ ਦਿੰਦੀ। ਸ਼ੇਰ ਮੁਹੰਮਦ ਕਚਿਹਹੀ ਵਿੱਚੋਂ ਉੱਠ ਕੇ ਚਲਾ ਗਿਆ। ਸ਼ੇਰ ਮੁਹੰਮਦ ਦੀ ਗੱਲ ਦੀ ਕਿਸੇ ਨੇ ਵੀ ਪ੍ਰਵਾਹ ਨਾਂ ਕੀਤੀ ਅਤੇ ਕਚਿਹਰੀ ਦੇ ਹਾਤੇ ਵਿਚ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਕੰਧ ਦੇ ਹਰ ਵਾਰ ਤੋਂ ਬਾਅਦ ਸਾਹਿਬਜ਼ਾਦਿਆਂ ਕੋਲੋਂ ਪੁੱਛਿਆ ਜਾਂਦਾ ਸੀ ਕਿ ਇਸਲਾਮ ਮੰਨ ਲਵੋ ਤਾਂ ਜਾਨ ਬਖਸ਼ੀ ਜਾ ਸਕਦੀ ਹੈ। ਸਾਹਿਬਜ਼ਾਦੇ ਇੱਕੋ ਉੱਤਰ ਦਿੰਦੇ ਸਨ ਕਿ ਅਸੀਂ ਗੁਰੂ ਤੇਗ ਬਹਾਦਰ ਦੇ ਪੋਤਰੇ ਹਾਂ, ਸਿਰ ਦੇ ਦਿਆਂਗੇ, ਪਰ ਧਰਮ ਨਹੀਂ ਹਾਰਾਂਗੇ। ਕੰਧ ਗੋਡਿਆਂ ਤੱਕ ਆ ਗਈ ਦੋਵੇਂ ਸਾਹਿਬਜ਼ਾਦੇ ਬੇਹੋਸ਼ ਹੋ ਗਏ ਅਤੇ ਇਕ ਪਾਸੇ ਉੱਲਰ ਗਏ ਅਤੇ ਉਸ ਪਾਸਿਓਂ ਦੀ ਕੰਧ ਵੀ ਡਿੱਗ ਗਈ। ਸਾਹਿਬਜ਼ਾਦਿਆਂ ਨੂੰ ਮਾਤਾ ਗੁਜਰੀ ਕੋਲ ਪਹੁੰਚਾ ਦਿੱਤਾ ਗਿਆ। ਜਦੋਂ ਹੋਸ਼ ਆਈ ਤਾਂ ਮਾਤਾ ਜੀ ਨੂੰ ਸਾਰੀ ਗਾਥਾ ਸੁਣਾਈ। ਨਵਾਬ ਦਾ ਸੁਨੇਹਾ ਆਇਆ ਮਾਤਾ ਜੀ ਨਵਾਬ ਸਾਹਿਬ ਵਲੋਂ ਇਕ ਦਿਨ ਹੋਰ ਮੋਹਲਤ ਦਿੱਤੀ ਜਾਂਦੀ ਹੈ। ਆਪ ਇਸਲਾਮ ਕਬੂਲ ਕਰਕੇ ਆਪਣੀ ਅਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ।

ਜ਼ਿੰਦਗੀ ਦੇ ਅੱਠ ਪਹਿਰ ਕਿਸ ਤਰ੍ਹਾਂ ਬੀਤੇ ਹੋਣਗੇ ਅੰਦਾਜ਼ਾ ਲਗਾਉਣਾ ਔਖਾ ਹੈ। ਅਗਲੇ ਦਿਨ ਤੇਰਾਂ ਪੋਹ ਸੰਮਤ 1761 ਬਿ: ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਕਚਿਹਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਦੀ ਉਮਰ ਸੱਤ ਸਾਲ ਗਿਆਰਾਂ ਮਹੀਨੇ ਅੱਠ ਦਿਨ ਸੀ ਅਤੇ ਛੋਟੇ ਸਾਹਿਬਜ਼ਾਦੇ ਫਤਿਹ ਸਿੰਘ ਦੀ ਉਮਰ ਪੰਜ ਸਾਲ ਦੱਸ ਮਹੀਨੇ ਦੱਸ ਦਿਨ ਸੀ। ਉਨ੍ਹਾਂ ਦੇ ਭੋਲੇ ਭਾਲੇ ਚਿਹਰਿਆਂ ਵੱਲ ਵੇਖ ਕੇ ਵੀ ਜ਼ਾਲਮਾਂ ਨੂੰ ਤਰਸ ਨਾ ਆਇਆ। ਰਸਮੀ ਤੌਰ ਤੇ ਇਕ ਵਾਰ ਫਿਰ ਪੁੱਛਿਆ ਗਿਆ, ਜੇ ਉਹ ਇਸਲਾਮ ਕਬੂਲ ਕਰਕੇ ਜਾਨ ਬਚਾਉਣਾ ਚਾਹੰਦੇ ਹੋਣ ਤਾਂ। ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਖੂਨ ਮੌਤ ਤੋਂ ਕਿਸ ਤਰ੍ਹਾਂ ਡਰ ਸਕਦਾ ਸੀ। ਦੋਹਾਂ ਦੇ ਕਤਲ ਦਾ ਆਖਰੀ ਫੈਸਲਾ ਹੋ ਗਿਆ। ਅੱਗੇ ਲਿਖਦਿਆਂ ਛਾਤੀ ਪਾਟਦੀ ਹੈ। ਜਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਤੀ ਉੱਤੇ ਸਿੱਧੇ ਲਿਟਾ ਕੇ ਉਨ੍ਹਾਂ ਦੀਆਂ ਛਾਤੀਆਂ ਤੇ ਗੋਡੇ ਰੱਖ ਕੇ ਛੁਰੀ ਨਾਲ ਹਲਾਲ ਕਰ ਦਿੱਤਾ। ਇਸ ਅੱਤਿਆਚਾਰ ਨੂੰ ਦੇਖ ਕੇ ਜ਼ਮੀਨ ਅਸਮਾਨ ਕੰਬ ਉੱਠੇ। ਇਸ ਸ਼ਹੀਦੀ ਨੇ ਸਾਰੇ ਪੰਜਾਬ ਵਿਚ ਅਜਿਹੀ ਅੱਗ ਭੜਕਾ ਦਿੱਤੀ ਜੋ ਮੁਗ਼ਲ ਰਾਜ ਨੂੰ ਖ਼ਤਮ ਕਰਕੇ ਹੀ ਸ਼ਾਂਤ ਹੋਈ। ਟੋਡਰ ਮੱਲ ਨੇ ਮਾਤਾ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਦਾ ਸੰਸਕਾਰ ਜ਼ਮੀਨ ਮੁਲ ਲੈ ਕੇ ਕੀਤਾ ਜਿੱਥੇ ਗੁਰਦੁਆਰਾ ਜੋਤੀ ਸਰੂਪ ਕਾਇਮ ਹੈ।

**ਜਗੀਰ ਸਿੰਘ ਲਾਲੀਆ**

(ਪ੍ਰਧਾਨ ਬਾਬਾ ਮੱਖਣ ਸਾਹ ਲੁਬਾਣਾ ਫਾਉਂਡੇਸ਼ਨ)



**"ਹਾਥੋ ਮੇ ਹਾਥ ਡਾਲ ਕੇ**
**ਦੋਨੋ ਵੋਹ ਨੋ ਨਿਹਾਲ।**
**ਕਹਤੇ ਹੁਏ ਜਬਾਂ ਸੇ ਬੜੇ**
**ਸਤਿ ਸ੍ਰੀ ਅਕਾਲ।**
**ਚਿਹਰੇ ਪੇ ਗ਼ਮ ਕਾ ਨਾਮ ਨਾ ਥਾ**
**ਔਰ ਨਾ ਥਾ ਮਲਾਲ।**
**ਜਾ ਠਹਰੇ ਸਰ ਪੇ ਮੌਤ ਕੇ**
**ਫਿਰ ਭੀ ਨਾ ਥਾ ਖਿਆਲ।**
**ਜਿਸ ਦਮ ਗਲੇ ਮਲੇ ਥੇ**
**ਵੁਹ ਮਅਸੂਮ ਗੜ ਗਏ।**
**ਦਿਨ ਛੁਪਨੇ ਭੀ ਨ ਪਾਇਆ ਕਿ**
**ਕਾਤਲ ਉਜੜ ਗਏ।"**

# ਲੁਬਾਣਾ ਸੇਵਕ



**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
S. Surinder Singh Ruby
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
Prof. Jaswant Singh Ph.D.
College Road, Begowal, Kapurthala, M.: 98724-66351
Engineer Parminderjit Singh
524, GMT Jalandhar, M.: 99153-57524
parminderjitsingh84@yahoo.com

**Outline-Editor**
S. Joginder Singh Ajaib, Jalandhar
M.: 98152-69145

**Advisors**
S. Naginder Singh, Mohali, Dy. Director (Retd.)
97800-36205
S. Jagtar Singh Multani Chief Er. (Retd.) Jal.
M.: 94172-15490



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਜਨਵਰੀ - 14-1-2018 (ਐਤਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 70 | ਦਸੰਬਰ - 2017



| | | |
|---|---|---|
| 1. | ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ | 5 |
| 2. | ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ! | 8 |
| 3. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ | 9 |
| 4. | ਦੋ ਨੀਹਾਂ ਵਿਚ ਚਿਣਵਾਏ | 12 |
| 5. | ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ | 13 |
| 6. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 16 |
| 7. | ਸੱਚਾ ਵਣਜ | 18 |
| 8. | ਪ੍ਰਦੂਸ਼ਣ ਅਤੇ ਇਸਦਾ ਇਤਿਹਾਸਕ ਪਿਛੋਕੜ | 20 |
| 9. | ਤਿੜਕੀ ਧਰਤੀ ਵਿਹੁਲਾ ਪਾਣੀ, ਚਿੜੀ ਵਿਚਾਰੀ ਕੀ ਕਰੇ? | 22 |
| 10. | ਕਿਸਾਨ ਖੁਦਕੁਸ਼ੀਆਂ, ਸਮੱਸਿਆ ਦਾ ਹੱਲ ਨਹੀਂ | 24 |
| 11. | ਗਲਤੀ ਵਿਚ ਸੁਧਾਰ ਕਰ ਲੈਣਾ ਚਾਹੀਦਾ ਹੈ | 26 |
| 12. | ਵਿਰਸਾ ਅਥਵਾ ਵਿਰਾਸਤ | 27 |
| 13. | ਕਹਾਣੀ | 28 |
| 14. | ਪੰਜਾਬੀ ਕਲਾ ਭਵਨ 'ਚ ਰੋਸ਼ਨੀ ਤੇ ਆਵਾਜ਼ ਦੀ ਪੇਸ਼ਕਾਰੀ | 31 |
| 15. | ਸ਼ੋਕ ਸਮਾਚਾਰ | 32-33 |
| 16. | ਕਾਵਿ-ਕਿਆਰੀ | 34 |
| 17. | ਸਿਹਤ ਸੰਭਾਲ | 36 |
| 18. | Desi Nuskhe | 37 |
| 19. | Careers after 12th | 38 |
| 20. | Martimonial | 39 |
| 21. | ਦਾਨੀ ਸੱਜਣਾਂ ਦੀ ਸੂਚੀ | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Jagir Singh Lalia for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**


# ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ



ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫੌਜਾਂ ਜਿਨ੍ਹਾਂ ਦੀ ਗਿਣਤੀ ਲੱਖਾਂ ਵਿਚ ਸੀ, ਵੱਲੋਂ ਸ੍ਰੀ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਚੁਫੇਰਿਉਂ ਪਾਏ ਹੋਏ ਘੇਰੇ ਨੂੰ ਸੱਤ ਮਹੀਨੇ ਗੁਜਰ ਚੁੱਕੇ ਸਨ। ਕਿਲ੍ਹੇ ਨੂੰ ਰਸਦ ਪਾਣੀ ਵੀ ਨਹੀਂ ਪਹੁੰਚ ਰਿਹਾ ਸੀ। ਅੰਦਰ ਪਹਿਲਾਂ ਮੌਜੂਦ ਰਸਦ ਪਾਣੀ ਵੀ ਹੌਲੀ-ਹੌਲੀ ਖਤਮ ਹੋ ਚੁੱਕਾ ਸੀ। ਗੁਰੂ ਜੀ ਨਾਲ ਸਾਰਾ ਪਰਿਵਾਰ ਅਤੇ ਸਿੰਘ ਚੜ੍ਹਦੀ ਕਲਾ ਵਿਚ ਹਰ ਹਾਲਾਤ ਦਾ ਮੁਕਾਬਲਾ ਕਰ ਰਹੇ ਸਨ। ਤੰਗੀ ਤਰੋਸ਼ੀ ਤੋਂ ਤੰਗ ਆਏ ਕੁਝ ਸਿੰਘ ਬੇਦਾਵਾ ਦੇ ਕੇ ਜਾ ਚੁੱਕੇ ਸਨ। ਘੇਰਾ ਪਾਈ ਫੌਜਾਂ ਦੇ ਹਰ ਹਮਲੇ ਨੂੰ ਨਕਾਰਾ ਬਣਾਇਆ ਜਾ ਰਿਹਾ ਸੀ। ਗੁਰੂ ਜੀ ਦੇ ਤੀਰ ਹਰ ਅੱਗੇ ਵਧਣ ਵਾਲੇ ਦੀ ਅਲਖ ਮੁਕਾਈ ਜਾ ਰਹੇ ਸਨ। ਹਮਲਾਵਰ ਮੁਖੀ ਲੰਮੇ ਅਸਫਲ ਘੇਰੇ ਤੋਂ ਬਹੁਤ ਦੁਖੀ ਸਨ। ਉਪਰੋਂ ਔਰੰਗਜ਼ੇਬ ਵੱਲੋਂ ਜਲਦੀ ਕਿਲ੍ਹਾ ਖਾਲੀ ਕਰਵਾਉਣ ਲਈ ਜ਼ੋਰ ਪਾਇਆ ਜਾ ਰਿਹਾ ਸੀ। ਪਹਾੜੀ ਰਾਜਿਆਂ ਤੇ ਮੁਗ਼ਲ ਫੌਜ ਮੁਖੀਆਂ ਨੇ ਕਸਮਾਂ ਖਾ-ਖਾ ਕੇ ਕੁਝ ਦਿਨਾਂ ਲਈ ਕਿਲ੍ਹਾ ਖਾਲੀ ਕਰਨ ਦੀਆਂ ਪ੍ਰਤ੍ਰਿਕਾਂ ਗੁਰੂ ਜੀ ਵੱਲ ਭੇਜੀਆਂ। ਗੁਰੂ ਜੀ ਇਹਨਾਂ ਲੋਕਾਂ ਦੇ ਚਰਿਤਰਾਂ ਤੋਂ ਜਾਣੂੰ ਸਨ। ਉਹ ਜਾਣਦੇ ਸਨ ਕਿ ਇਹ ਕਸਮਾਂ ਝੂਠੀਆਂ ਹਨ। ਕਿਲ੍ਹਾ ਖਾਲੀ ਕਰਨ ਦੀ ਸੂਰਤ ਵਿਚ ਇਹ ਖ਼ਾਲਸਾ ਫੌਜ ਤੇ ਪਿਛੋਂ ਹਮਲਾ ਕਰਕੇ ਨੁਕਸਾਨ ਕਰਨਗੇ। ਗੁਰੂ ਜੀ ਨੇ ਕਿਲ੍ਹਾ ਖਾਲੀ ਕਰਨ ਤੋਂ ਨਾਂਹ ਕਰ ਦਿੱਤੀ। ਹੋਰ ਪਤ੍ਰਿਕਾ ਮਿਲਣ ਤੇ ਕਿਲ੍ਹੇ ਵਿਚ ਤੰਗੀਆਂ ਝੱਲ ਰਹੇ ਕੁਝ ਸਿੰਘਾਂ ਨੇ ਮਾਤਾ ਗੁਜਰੀ ਜੀ ਨੂੰ ਮਿਲ ਕੇ ਹਾਲ ਦੀ ਘੜੀ ਕਿਲ੍ਹਾ ਛੱਡਣ ਲਈ ਗੁਰੂ ਜੀ ਨੂੰ ਮਨਾਉਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਮਾਤਾ ਜੀ ਤੇ ਸਿੰਘਾਂ ਦੇ ਜ਼ੋਰ ਪਾਉਣ ਤੇ ਕਿਲ੍ਹਾ ਖਾਲੀ ਕਰਨਾ ਮੰਨ ਲਿਆ। ਸੰਨ 1704 ਦਾ ਪੋਹ ਦਾ ਸਰਦੀ ਭਰਿਆ ਮਹੀਨਾ ਸੀ ਪਿਛਲੇ ਕੁਝ ਦਿਨਾਂ ਤੋਂ ਬਹੁਤ ਬਾਰਸ਼ ਵੀ ਹੋ ਰਹੀ ਸੀ। ਇਕ ਰਾਤ ਸਾਰਾ ਮਾਲ ਅਸਬਾਬ ਬੰਨ੍ਹ ਕੇ, ਮਾਤਾ ਜੀ, ਚਾਰ ਸਾਹਿਬਜ਼ਾਦਿਆਂ ਅਤੇ ਸਿੰਘਾਂ ਸਮੇਤ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਅਜੇ ਕਿਲ੍ਹੇ ਵਿਚੋਂ ਨਿਕਲੇ ਹੀ ਸਨ ਕਿ ਮੁਗ਼ਲ ਸੈਨਾਪਤੀ ਤੇ ਪਹਾੜੀ ਰਾਜਿਆਂ ਨੂੰ ਆਪਣੇ ਅੱਲ੍ਹਾ ਦੇ ਨਾਮ ਤੇ ਅਤੇ ਗਊਆਂ ਦੀਆਂ ਚੁੱਕੀਆਂ ਕਸਮਾਂ ਭੁੱਲ ਗਈਆਂ। ਗੁਰੂ ਜੀ ਦੀ ਫੌਜ ਤੇ ਪਿਛੋਂ ਹਮਲਾ ਕਰ ਦਿੱਤਾ। ਗੁਰੂ ਜੀ ਤੇ ਸਿੰਘ ਮੁਕਾਬਲਾ ਕਰਦਿਆਂ ਅੱਗੇ ਵਧਦੇ ਗਏ। ਪੋਹ ਦੇ ਮਹੀਨੇ ਦੀ ਠੰਡੀ ਰਾਤ, ਅੱਗੇ ਠੰਡੇ ਪਾਣੀ ਨਾਲ ਭਰੀ ਸਰਸਾ ਨਦੀ ਉਛਾਲੇ ਮਾਰ ਮਾਰ ਵੱਗ ਰਹੀ ਸੀ। ਗੁਰੂ ਫੌਜਾਂ, ਘੋੜਿਆਂ ਸਮੇਤ, ਮਾਲ ਅਸਬਾਬ ਤੇ ਪਵਿੱਤਰ ਧਾਰਮਿਕ ਤੇ ਇਤਿਹਾਸਕ ਗ੍ਰੰਥਾਂ ਨਾਲ ਲੱਦੇ ਘੋੜਿਆਂ ਸਮੇਤ ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਗੁਰੂ ਜੀ ਸਮੇਤ ਸਰਸਾ ਨਦੀ ਵਿਚ ਚਲ ਪਏ। ਰਾਤ ਦੇ ਹਨ੍ਹੇਰੇ ਅਤੇ ਪਿਛੇ ਆਉਂਦੀਆਂ ਧਾੜਾਂ ਅਤੇ ਨਦੀ ਵਿਚਲੇ ਹੜ੍ਹ ਕਾਰਨ ਮੱਚੇ ਬਵਾਲ ਵਿਚ ਕਈ ਸਿੰਘ, ਘੋੜੇ, ਪਵਿੱਤਰ ਗ੍ਰੰਥ ਪਾਣੀ ਵਿਚ ਰੁੜ ਗਏ। ਮਾਤਾ ਗੁਜਰੀ ਜੀ ਦੋ ਸਾਹਿਬਜ਼ਾਦਿਆਂ ਨਾਲ ਗੰਗੂ ਰਸੋਈਏ ਨਾਲ ਵਿਛੜ ਕੇ ਇਕ ਪਾਸੇ ਨੂੰ ਨਿਕਲ ਗਏ। ਗੁਰੂ ਜੀ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਨਾਲ ਦੂਜੇ ਪਾਸੇ ਨੂੰ ਨਿਕਲ ਗਏ। ਪਰਿਵਾਰ ਵਿਛੜ ਗਿਆ। ਸਰਸਾ ਨਦੀ ਦੇ ਇਸ ਕੰਢੇ ਤੇ ਜਿਥੇ ਪਰਿਵਾਰ ਵਿਛੜਿਆ ਸੀ ਇਕ ਸੁੰਦਰ ਤੇ ਆਲੀਸ਼ਾਨ ਗੁਰਦੁਆਰਾ 'ਪਰਿਵਾਰ ਵਿਛੋੜਾ ਸਾਹਿਬ' ਬਣਿਆ ਹੋਇਆ ਹੈ। ਜਿਸ ਦੇ ਦਰਸ਼ਨ ਕਰਕੇ ਗੁਰਸਿੱਖ ਉਸ ਸਮੇਂ ਦੇ ਨਜ਼ਾਰੇ ਨੂੰ ਅਨੁਭਵ ਕਰਕੇ ਗ਼ਮਗੀਨ ਹੁੰਦੇ ਹਨ।

ਗੁਰੂ ਜੀ, ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨਾਲ ਚਮਕੌਰ ਵੱਲ ਨੂੰ ਨਿਕਲ ਤੁਰੇ। ਮੁਗ਼ਲ ਫੌਜਾਂ ਪਿੱਛਾ ਕਰਦੀਆਂ ਪਿਛੇ ਆ ਰਹੀਆਂ ਸਨ। ਚਮਕੌਰ ਵਿਚ ਗੁਰੂ ਜੀ ਨੇ ਇਕ ਕੱਚੀ ਗੜ੍ਹੀ ਵਿਚ ਟਿਕਾਣਾ ਲਾਇਆ। ਫੌਜਾਂ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਪਰ ਗੜ੍ਹੀ ਨੇੜੇ ਫੜਕਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਸਿੰਘ ਪੰਜ ਪੰਜ ਸੂਰਬੀਰਾਂ ਦਾ ਜਥਾ ਬਣਾ ਕੇ ਗੜ੍ਹੀ ਵਿਚੋਂ ਬਾਹਰ ਨਿਕਲਦੇ, ਜੈਕਾਰੇ ਲਗਾਉਂਦੇ ਰਣ-ਤੱਤੇ ਵਿਚ ਜੂਝਦੇ ਹੋਏ 'ਜਬ ਆਵ ਕੀ ਆਉਧ ਨਿਧਾਨ ਬਣੇ ਅਤਿ ਹੀ ਰਣ ਮੇ ਤਬ ਜੂਝ ਮਰੋਂ' ਦੇ ਵਾਅਦੇ ਨੂੰ ਸੱਚ ਕਰਕੇ ਵਿਖਾਉਂਦੇ ਸਨ। ਇਕੱਲਾ-ਇਕੱਲਾ ਸਿੰਘ ਲੱਖਾਂ ਦੀ ਫੌਜ ਨਾਲ ਲੜਦਾ ਹੋਇਆ ਵੈਰੀ ਦੇ ਆਹੂ ਲਾਹੀ ਜਾਂਦਾ ਸੀ। ਆਪਣੇ ਗੁਰੂ ਦੇ ਦਾਅਵੇ 'ਸਵਾ ਲਾਖ ਸੇ ਏਕ ਲੜਾਉਂ ਤਬੇ ਗੋਬਿੰਦ ਸਿੰਘ ਨਾਮ ਕਹਾਉਂ' ਨੂੰ ਸੱਚ ਕਰਨ ਦਾ ਇਤਿਹਾਸ ਰਚੀ ਜਾਂਦਾ ਹੈ। ਸਿੰਘਾਂ ਦੇ ਜੰਗ ਵਿਚ ਕਾਰਨਾਮੇ ਦੇਖ ਕੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਉਮਰ 17 ਸਾਲ ਦੀ ਪੁੰਗਰਦੀ


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
98141-28181

ਜਵਾਨੀ ਦੇ ਡੋਲੇ ਫਰਕਦੇ ਹਨ। ਪਿਤਾ ਜੀ ਤੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ ਹੈ। ਬਾਬਾ ਜੀ ਦੇ ਬੋਲ ਹਨ –

**ਮੈਂ ਨਾਮ ਕਾ ਅਜੀਤ ਹੂੰ, ਜੀਤਾ ਨਾ ਜਾਉਂਗਾ**
**ਜੀਤਾ ਜੋ ਗਿਆ ਤੋ ਜੀਤਾ ਨਾ ਆਉਂਗਾ॥**

ਗੁਰੂ ਪਿਤਾ ਖੁਸ਼ ਹੋ ਕੇ ਇਜਾਜ਼ਤ ਦਿੰਦੇ ਹਨ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜਿੱਧਰ ਨੂੰ ਜਾਂਦੇ ਹਨ। ਦੁਸ਼ਮਣਾਂ ਦੇ ਆਹੂ ਲਾਹੀ ਜਾਂਦੇ ਹਨ। ਫੌਜ ਵਿਚ ਭਗਦੜ ਮੱਚ ਗਈ। ਸਾਹਿਬਜ਼ਾਦਾ ਅਜੀਤ ਸਿੰਘ ਜੰਗ ਵਿਚ ਕਰਤੱਵ ਦਿਖਾਉਂਦੇ ਹੋਏ ਸਿੱਖੀ ਦੀਆਂ ਨੀਹਾਂ ਮਜ਼ਬੂਤ ਕਰਨ ਹਿੱਤ ਜ਼ੁਲਮ ਖਿਲਾਫ਼ ਲੜਦੇ ਹੋਏ ਸ਼ਹੀਦ ਹੋ ਗਏ। ਸਭ ਦੇ ਨੇਤਰ ਸੇਜਲ ਹੋ ਗਏ। ਉਸ ਸਮੇਂ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਨੇ ਰਣਭੂਮੀ ਵਿਚ ਜਾਣ ਲਈ ਗੁਰੂ ਪਿਤਾ ਤੋਂ ਇਜਾਜ਼ਤ ਮੰਗੀ। ਸਿੰਘਾਂ ਨੇ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਪ੍ਰੰਤੂ ਗੁਰੂ ਜੀ ਨੇ ਸਾਹਿਬਜ਼ਾਦੇ ਦਾ ਜੋਸ਼ ਅਤੇ ਪ੍ਰਭੂ ਪ੍ਰਮਾਤਮਾ ਦਾ ਹੁਕਮ ਮੰਨਦਿਆਂ ਹਾਂ ਕਰ ਦਿੱਤੀ। ਸਾਹਿਬਜ਼ਾਦੇ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ –

**ਉਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ**
**ਰੁਖਸਤ ਹਮੇਂ ਦਿਲਾਓ ਪਿਤਾ ਜਾਏਂਗੇ ਮਰਨੇ॥**

ਗੁਰੂ ਜੀ ਨੇ ਇਜਾਜ਼ਤ ਦਿੰਦੇ ਹੋਏ ਕਿਹਾ–

**ਹਮ ਨੇ ਥਾ ਕਹਾ ਬਾਪ ਕੋ ਜਾਂ ਦੀਜੈ ਧਰਮ ਪਰ,**
**ਲੋ ਕਹਿਤੇ ਹੈਂ ਹਮ ਆਪ ਕੋ ਜਾਂ ਦੀਜੈ ਧਰਮ ਪਰ।**

ਸਾਹਿਬਜ਼ਾਦਾ ਜੁਝਾਰ ਸਿੰਘ ਵੀ ਬੜੀ ਦਲੇਰੀ ਅਤੇ ਜੋਸ਼ ਨਾਲ ਰਣਭੂਮੀ ਵਿਚ ਦੁਸ਼ਮਣ ਨੂੰ ਮੁਕਾਉਂਦੇ ਸ਼ਹੀਦੀ ਜਾਮ ਪੀ ਗਏ। ਬਾਕੀ ਸਾਰੇ ਸਿੰਘ ਬੜੀ ਸੂਰਮਗਤੀ ਨਾਲ ਲੜੇ। ਲੱਖਾਂ ਦੀ ਫੌਜ ਤੇ ਮੁੱਠੀ ਭਰ ਸਿੰਘ। ਸਿੰਘਾਂ ਨੇ ਵਿਚਾਰ ਕੀਤੀ ਕਿ ਗੁਰੂ ਜੀ ਗੜ੍ਹੀ ਵਿਚੋਂ ਚਲੇ ਜਾਣ। ਗੁਰੂ ਜੀ ਮੁੜ ਕੇ ਖ਼ਾਲਸਾ ਪੰਥ ਨੂੰ ਇਕੱਠਾ ਕਰਕੇ ਮੁੜ ਦੁਸ਼ਮਣਾਂ ਦਾ ਨਾਸ਼ ਕਰ ਸਕਦੇ ਹਨ। ਗੁਰੂ ਜੀ ਨੂੰ ਸਲਾਹ ਦਿੱਤੀ ਗਈ। ਗੁਰੂ ਜੀ ਨੇ ਜਾਨ ਨਾਲੋਂ ਪਿਆਰੇ ਜੰਗਜੂ ਸਿੰਘਾਂ ਨੂੰ ਇਕੱਲੇ ਛੱਡ ਕੇ ਨਾ ਜਾਣਾ ਚਾਹਿਆ। ਸਿੰਘਾਂ ਨੇ ਗੁਰਮਤਾ ਬਣਾ ਕੇ ਪੰਜ ਸਿੰਘਾਂ ਵੱਲੋਂ ਇਕੱਠੇ ਹੋ ਕੇ ਗੁਰੂ ਜੀ ਨੂੰ ਗੜ੍ਹੀ ਛੱਡਣ ਦਾ ਹੁਕਮ ਸੁਣਾ ਦਿੱਤਾ। ਗੁਰੂ ਜੀ ਖ਼ਾਲਸੇ ਦੇ ਮਤੇ ਨੂੰ ਨਾਂਹ ਨਾ ਕਰ ਸਕੇ। ਆਪਣੇ ਹਮਸ਼ਕਲ ਭਾਈ ਸੰਗਤ ਸਿੰਘ ਦੇ ਸਿਰ ਤੇ ਕਲਗੀ ਸਜਾ ਕੇ ਗੁਰੂ ਜੀ ਰਾਤ ਨੂੰ ਤਾੜੀ ਮਾਰ ਕੇ 'ਹਿੰਦ ਦਾ ਪੀਰ ਚੱਲਿਆ ਹੈ' ਕਹਿ ਕੇ ਗੜ੍ਹੀ ਛੱਡ ਕੇ ਚਲੇ ਗਏ। ਰਾਤ ਨੂੰ ਫੌਜਾਂ ਵਿਚ ਭਗਦੜ ਮਚ ਗਈ ਤੇ ਆਪਸ ਵਿਚ ਹੀ ਲੜਦੇ ਭਿੜਦੇ ਕਈ ਮਾਰੇ ਗਏ। ਬਾਕੀ ਸਿੰਘ ਜੰਗ ਵਿਚ ਸੂਰਮਗਤੀ ਵਿਖਾਉਂਦੇ ਹੋਏ ਲੜਦੇ–ਲੜਦੇ ਸ਼ਹੀਦ ਹੋਏ। ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵੱਲ ਨੂੰ ਨਿਕਲ ਗਏ।

ਸਰਸਾ ਨਦੀ ਤੋਂ ਵੱਖ ਹੋ ਕੇ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ। ਮੁਗਲ ਫੌਜਾਂ ਅਤੇ ਸੂਹੀਏ ਲਗਾਤਾਰ ਉਨ੍ਹਾਂ ਨੂੰ ਲੱਭ ਰਹੇ ਸਨ। ਮਾਤਾ ਜੀ ਪਾਸ ਕੁਝ ਨਕਦੀ ਅਤੇ ਗਹਿਣੇ ਜੇਵਰ ਸਨ। ਹਾਕਮਾਂ ਵੱਲੋਂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸੂਚਨਾ ਦੇਣ ਵਾਲੇ ਨੂੰ ਨਕਦ ਇਨਾਮ ਦੀ ਘੋਸ਼ਣਾ ਵੀ ਕੀਤੀ ਹੋਈ ਸੀ। ਗੰਗੂ ਲਾਲਚ ਵਿਚ ਆ ਗਿਆ। ਉਸ ਨੇ ਮਾਤਾ ਜੀ ਦੀ ਮਾਇਆ ਤੇ ਜੇਵਰਾਂ ਵਾਲੀ ਗੰਢ ਚੋਰੀ ਕਰਕੇ ਲੁਕੋ ਲਈ ਅਤੇ ਸਰਕਾਰੀ ਇਨਾਮ ਪ੍ਰਾਪਤ ਕਰਨ



ਹਿੱਤ ਮੋਰਿੰਡੇ ਥਾਣੇ ਵਿਚ ਗੁਰੂ ਪਰਿਵਾਰ ਦੀ ਉਸ ਪਾਸ ਠਹਿਰੇ ਹੋਣ ਦੀ ਸੂਚਨਾ ਵੀ ਖੁਦ ਹੀ ਥਾਣੇ ਦੇ ਆਇਆ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਹਿ ਸਿੰਘ (7 ਸਾਲ) ਨੂੰ ਕੈਦ ਕਰ ਲਿਆ ਗਿਆ। ਮੋਰਿੰਡੇ ਦੇ ਥਾਣੇਦਾਰ ਨੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਕੋਲ ਪੇਸ਼ ਕੀਤਾ। ਸਾਹਿਬਜ਼ਾਦਿਆਂ ਨੂੰ ਬੱਚੇ ਜਾਣ ਕੇ ਕਚਹਿਰੀ ਵਿਚ ਬਹੁਤ ਲਾਲਚ ਦਿੱਤੇ ਗਏ। ਸਿੱਖੀ ਛੱਡ ਕੇ ਇਸਲਾਮ ਕਬੂਲਣ ਲਈ ਕਿਹਾ ਗਿਆ। ਡਰਾਵੇ ਵੀ ਦਿੱਤੇ ਗਏ। ਸਾਹਿਬਜ਼ਾਦਿਆਂ ਨੇ ਹਰ ਲਾਲਚ ਅਤੇ ਧਮਕੀ ਨੂੰ ਠੁਕਰਾ ਦਿੱਤਾ। ਠੰਡੇ ਪੁਰਜ ਵਿਚ ਮਾਤਾ ਗੁਜਰੀ ਸਮੇਤ ਕੈਦ ਰੱਖਣ ਦੇ ਹੁਕਮ ਦਿੱਤੇ ਗਏ। ਪੋਹ ਮਹੀਨੇ ਦੀਆਂ ਰਾਤਾਂ, ਸਾਰੇ ਪਾਸਿਆਂ ਤੋਂ ਖੁਲ੍ਹੇ ਠੰਡੇ ਬੁਰਜ ਵਿਚ ਬਿਨ੍ਹਾਂ ਕੋਈ ਕੱਪੜਿਆਂ ਬਿਸਤਰਿਆਂ ਤੋਂ ਮਾਤਾ ਗੁਜਰੀ ਤੇ ਮਾਸੂਮ ਜਿੰਦਾਂ ਨੂੰ ਰੱਖਿਆ ਗਿਆ। ਰੋਜ਼ ਸਵੇਰੇ ਪੇਸ਼ੀ ਹੁੰਦੀ। ਲਾਲਚ ਤੇ ਡਰਾਵੇ ਦੁਹਰਾਏ ਜਾਂਦੇ ਪਰ ਸਾਹਿਬਜ਼ਾਦਿਆਂ ਵੱਲੋਂ ਠੋਸ ਤਰੀਕੇ ਨਾਲ ਨਕਾਰ ਦਿੱਤੇ ਜਾਂਦੇ ਰਹੇ। ਠੰਡੇ ਬੁਰਜ ਵਿਚ ਰਾਤ ਨੂੰ ਗੁਰੂ ਦਾ ਸਿੱਖ ਮੋਤੀ ਰਾਮ ਮਹਿਰਾ ਤਿੰਨਾਂ ਨੂੰ ਚੋਰੀ–ਚੋਰੀ ਗਰਮ ਗਰਮ ਦੁੱਧ ਪਿਲਾ ਜਾਂਦਾ। ਤਿੰਨ ਦਿਨ ਦੀ ਠੰਡੇ ਬੁਰਜ ਦੀ ਕੈਦ ਵਿਚ ਦਾਦੀ ਨੂੰ ਵੀ ਡਰਾਵੇ ਦਿੱਤੇ ਗਏ ਅਤੇ ਕਿਹਾ ਗਿਆ ਕਿ ਉਹ ਬੱਚਿਆਂ ਸਮੇਤ ਇਸਲਾਮ ਕਬੂਲ ਕਰੇ। ਪ੍ਰੰਤੂ ਦਾਦੀ ਨੇ ਪੋਤਰਿਆਂ ਨੂੰ ਸਿੱਖਿਆ ਦਿੱਤੀ–

**"ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ"**

ਤੀਜੇ ਦਿਨ ਫਿਰ ਸੂਬੇ ਦੀ ਕਚਹਿਰੀ ਵਿਚ ਪੇਸ਼ੀ ਹੋਣੀ ਸੀ। ਨਵਾਬ ਮਲੇਰਕੋਟਲਾ ਜੋ ਦਰਬਾਰ ਵਿਚ ਹਾਜ਼ਰ ਸੀ, ਨੇ ਕੁਰਾਨ ਸ਼ਰੀਫ ਦਾ ਹਵਾਲਾ ਦੇ ਕੇ "ਪਿਤਾ ਦੇ ਕਸੂਰ ਤੇ ਮਾਸੂਮ ਬੱਚਿਆਂ ਨੂੰ ਸਜ਼ਾ ਦੇਣ ਤੇ ਹਾਅ ਦਾ ਨਾਅਰਾ ਮਾਰਿਆ" ਉਥੇ ਮੌਜੂਦ ਨਵਾਬ ਸੁੱਚਾ ਨੰਦ ਨੇ ਸੱਪ ਦੇ ਬੱਚੇ ਕਹਿ ਕੇ ਸਜ਼ਾ ਦੇਣ ਦੀ ਵਕਾਲਤ ਕੀਤੀ। ਮੌਜੂਦ ਕਾਜੀ ਨੇ ਨਵਾਬ ਨੂੰ ਇਨ੍ਹਾਂ ਬੱਚਿਆਂ ਨੂੰ ਕੁਰਾਨ ਸ਼ਰੀਫ਼ ਅਨੁਸਾਰ ਜਿਉਂਦੇ ਨੀਹਾਂ ਵਿਚ ਚਿਨਣ ਦੀ ਸਜ਼ਾ ਦੇਣ ਦੀ ਤਜਵੀਜ਼ ਸੁਝਾਈ। ਛੋਟੇ–ਛੋਟੇ ਬੱਚਿਆਂ ਦੀ ਦ੍ਰਿੜ੍ਹਤਾ ਸਾਹਮਣੇ ਡਰੇ ਬੇਵੱਸ ਹੋਏ ਨਵਾਬ ਦੀ ਹਾਲਤ ਬੜੀ ਤਰਸਯੋਗ ਬਾਣੀ ਹੋਈ ਸੀ।

ਦਾਦੀ ਨੇ ਪੋਤਿਆਂ ਨੂੰ ਤਿਆਰ ਕੀਤਾ, ਮੂੰਹ ਚੁੰਮੇ, ਸ਼ਾਇਰ ਯਾਰ ਅੱਲਾ ਖਾਂ ਨੇ ਦਾਦੀ ਦੀਆਂ ਭਾਵਨਾਵਾਂ ਨੂੰ ਇੰਜ ਬਿਆਨ ਕੀਤਾ ਹੈ–

**"ਜਾਨੇ ਸੇ ਪਹਿਲੇ ਆਓ ਗਲੇ ਲਗਾ ਤੋਂ ਲੂੰ।**

**ਕੇਸੋਂ ਕੋਂ ਕੰਘੀ ਕਰ ਤੂੰ ਜਰਾ ਮੂੰਹ ਧੁਲਾ ਤੋਂ ਲੂੰ।**
**ਪਿਆਰ ਸੇ ਸਿਰ ਪਰ ਨਨੀ ਸੀ ਕਲਗੀ ਸਜਾ ਤੋਂ ਲੂੰ।**
**ਮਰਨੇ ਸੇ ਪਹਿਲੇ ਤੁਮ ਕੋ ਦੂਲਾ ਬਨਾ ਤੋਂ ਲੂੰ॥**

ਕਵੀ ਦੇ ਸ਼ਬਦ ਵਿਚ

**ਥੀ ਪਿਆਰੀ ਸੂਰਤੋਂ ਸੇ ਸ਼ੁਜਆਤ ਬਰਸ ਰਹੀ।**
**ਨਨੀ ਸੀ ਮੂਰਤੋਂ ਸੇ ਥੀ ਜੁਰਅਤ ਬਰਸ ਰਹੀ।**
**ਰੁਖ ਪਰ ਨਵਾਬ ਕੇ ਸ਼ਕਾਵਤ ਬਰਸ ਰਹੀ।**
**ਰਾਜੋਂ ਕੇ ਮੂੰਹ ਪੇ ਸਾਫ਼ ਥੀ ਲਾਅਨਤ ਬਰਸ ਰਹੀ।**
**ਬੱਚੋਂ ਕਾ ਰੋਅਬ ਛਾ ਗਿਆ ਹਰ ਇਕ ਮੁਸ਼ੀਰ ਪਰ।**
**ਲਰਜ਼ੀ ਸਾ ਪੜ ਗਿਆ ਥਾ ਅਮੀਰੋ ਵਜ਼ੀਰ ਪਰ।**

ਆਖਿਰ ਸੂਬੇ ਵਜ਼ੀਰ ਖਾਂ ਨੇ ਆਪਣੀ ਹਾਰ ਕਬੂਲਦਿਆਂ ਮਾਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਨਣ ਦਾ ਹੁਕਮ ਦੇ ਦਿੱਤਾ। ਸਾਹਿਬਜ਼ਾਦਿਆਂ ਨੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਲਾਇਆ। ਨਵਾਬ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਸੂਬੇ ਦੀ ਕਚਹਿਰੀ ਵਿਚੋਂ ਹਾਅ ਦਾ ਨਾਅਰਾ ਮਾਰ ਕੇ ਉਠ ਕੇ ਚਲਾ ਗਿਆ। ਦੋਵੇਂ ਸੂਰਬੀਰ ਸਹਿਜ਼ਾਦੇ ਹੱਥ ਵਿਚ ਹੱਥ ਪਾਈ, ਜਲਾਲ ਭਰੇ ਚਿਹਰਿਆਂ ਨਾਲ ਸ਼ਹੀਦ ਹੋਣ ਵਾਲੀ ਜਗ੍ਹਾ ਵੱਲ ਨੂੰ ਚੱਲ ਪਏ। ਉਸ ਦ੍ਰਿਸ਼ ਦਾ ਬਿਰਤਾਂਤ ਕਿਸੇ ਕਵੀ ਨੇ ਇਉਂ ਵਰਨਣ ਕੀਤਾ ਹੈ –

**"ਹਾਥੋ ਮੇ ਹਾਥ ਡਾਲ ਕੇ ਦੋਨੋ ਵੋਹ ਨੋ ਨਿਹਾਲ।**
**ਕਹਤੇ ਹੁਏ ਜਬਾਂ ਸੇ ਬੜੇ ਸਤਿ ਸ੍ਰੀ ਅਕਾਲ।**
**ਚਿਹਰੇ ਪੇ ਗ਼ਮ ਕਾ ਨਾਮ ਨਾ ਥਾ ਔਰ ਨਾ ਥਾ ਮਲਾਲ।**
**ਜਾ ਠਹਰੇ ਸਰ ਪੇ ਮੌਤ ਕੇ ਫਿਰ ਭੀ ਨਾ ਥਾ ਖਿਆਲ।**
**ਜਿਸ ਦਮ ਗਲੇ ਮਲੇ ਥੇ ਵੁਹ ਮਅਸੂਮ ਗੜ ਗਏ।**
**ਦਿਨ ਛੁਪਨੇ ਭੀ ਨ ਪਾਇਆ ਕਿ ਕਾਤਲ ਉਜੜ ਗਏ।"**

ਇਹੋ ਜਿਹੀਆਂ ਅਦਭੁੱਤ ਸ਼ਹੀਦੀਆਂ ਪ੍ਰਤੀ ਹੀ ਇਕ ਹੋਰ ਕਵੀ ਨੇ ਠੀਕ ਹੀ ਕਿਹਾ ਹੈ–

**"ਜਿਸ ਸ਼ਾਨ ਸੇ ਕੋਈ ਮਕਤਲ ਪੇ ਗਿਆ**
**ਵੋਹ ਸ਼ਾਨ ਸਲਾਮਤ ਰਹਿਤੀ ਹੈ।**
**ਇਸ ਜਾਨ ਕੀ ਕੋਈ ਬਾਤ ਨਹੀ।**
**ਯੇਹ ਜਾਨ ਤੋਂ ਆਨੀ ਜਾਨੀ ਹੈ।"**

ਸਿੱਖ ਧਰਮ ਦੀਆਂ ਨੀਹਾਂ ਪੀਡੀਆ ਤੇ ਮਜ਼ਬੂਤ ਕਰਨ ਹਿੱਤ ਦੋਵੇਂ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾਣ ਤੇ ਸ਼ਹੀਦੀਆਂ ਪ੍ਰਾਪਤ ਕਰ ਗਏ। ਧਰਤੀ ਕੰਬੀ, ਅਸਮਾਨ ਹਿਲਿਆ ਤੇ ਉਸ ਵੇਲੇ ਮੁਗ਼ਲ ਹਕੂਮਤ ਦੀ ਜੜ੍ਹ ਪੁਟੇ ਜਾਣ ਦੀ ਨੀਂਹ ਵੀ ਰੱਖੀ ਗਈ। ਪ੍ਰਸਿੱਧ ਹਿੰਦੀ ਕਵੀ ਮੈਥਲੀ ਧਰਨ ਗੁਪਤਾ ਨੇ ਲਿਖਿਆ ਹੈ–

**"ਜਿਸ ਦੇਸ਼ ਯਾ ਜਾਤੀ ਕੇ ਬੱਚੇ।**
**ਯੂੰ ਦੇ ਸਕਤੇ ਹੈਂ ਬਲੀਦਾਨ।**
**ਵਰਤਮਾਨ ਉਸ ਕਾ ਕੁਛ ਭੀ ਹੋ।**
**ਪਰ ਭਵਿੱਖ ਹੈ ਮਹਾਂ ਮਹਾਨ।"**


ਹਕੀਮ ਅੱਲਾ ਯਾਰ ਖਾ ਜੋਗੀ ਨੇ ਆਪਣੀ ਕਲਮ ਤੋਂ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਬਾਰੇ ਲਿਖਿਆ ਹੈ –

**"ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲਿਯੇ।**
**ਕਤਲ ਕਰਾਏ ਬਾਪ ਨੇ ਬੇਟੇ ਜਹਾਂ ਖੁਦਾ ਕੇ ਲਿਯੇ।"**

ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਠੰਡੇ ਬੁਰਜ ਵਿਚ ਬੈਠੀ ਮਾਤਾ ਗੁਜਰੀ ਨੂੰ ਜਦ ਮਿਲੀ ਤਾਂ ਸੁਣਦਿਆਂ ਹੀ ਹੱਥ ਜੋੜ ਕੇ ਅੱਖੀਆਂ ਮੀਚੀਆਂ ਤੇ ਫਿਰ ਕਦੀ ਨਹੀਂ ਖੋਲੀਆਂ। ਮਾਤਾ ਜੀ ਗੁਰਪੁਰੀ ਸਿਧਾਰ ਗਏ।

ਗੁਰੂ ਦੇ ਇਕ ਸਿੱਖ ਦੀਵਾਨ ਟੋਡਰ ਮੱਲ ਨੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦਾ ਸੰਸਕਾਰ ਕਰਨਾ ਚਾਹਿਆ। ਸੂਬੇ ਨੇ ਕਿਹਾ ਕਿ ਜਗ੍ਹਾ ਮੁੱਲ ਲੈ ਕੇ ਹੀ ਸੰਸਕਾਰ ਕਰ ਸਕਦੇ ਹੋ। ਜਗ੍ਹਾ ਦਾ ਮੁੱਲ, ਜਿੰਨੀ ਜਗ੍ਹਾ ਤੇ ਸੋਨੇ ਦੀਆਂ ਮੋਹਰਾਂ ਚਿਣ ਦੇਵੋ ਉਨੀ ਜਗ੍ਹਾ ਸੰਸਕਾਰ ਲਈ ਦਿੱਤੀ ਜਾਵੇਗੀ। ਦੀਵਾਨ ਟੋਡਰ ਮੱਲ ਨੇ ਲੋੜੀਂਦੀ ਜਗ੍ਹਾ ਤੇ 7800 ਸੋਨੇ ਦੀ ਮੁਹਰ ਵਿਛਾ ਕੇ ਸੰਸਕਾਰ ਲਈ ਜਗ੍ਹਾ ਖਰੀਦੀ ਤੇ ਬਹੁਤ ਹੀ ਸਨਮਾਨ ਨਾਲ ਪਵਿੱਤਰ ਤੇ ਮਹਾਨ ਆਤਮਾਵਾਂ ਦਾ ਸੰਸਕਾਰ ਕੀਤਾ। ਇਸ ਜਗ੍ਹਾ ਤੇ ਅੱਜਕਲ੍ਹ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

ਛੋਟੇ ਸਾਹਿਬਜ਼ਾਦਿਆਂ ਨੇ ਜਿੰਨੀ ਦਲੇਰੀ, ਸਿਦਕ ਨਾਲ ਅਕਿਹ ਤੇ ਅਸਿਹ ਕਸ਼ਟ ਸਹਾਰਦੇ ਹੋਏ ਖਿੜੇ ਮੱਥੇ ਸ਼ਹੀਦੀ ਪ੍ਰਾਪਤ ਕੀਤੀ। ਉਸ ਦੀ ਮਿਸਾਲ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਕਿੰਨੀ ਮਹਾਨ ਤੇ ਦਰਦਭਰੀ ਹੈ ਇਹ ਸ਼ਹਾਦਤ। ਅੱਜ ਦੀ ਨੌਜਵਾਨ ਪੀੜ੍ਹੀ ਜੋ ਫੋਕੀਆਂ ਸਹੂਲਤਾਂ ਅਤੇ ਦੁਨਿਆਵੀ ਐਸ਼ੋ ਅਰਾਮ ਕਰਕੇ ਗੁਰਸਿੱਖੀ ਤੋਂ ਦੂਰ ਹੁੰਦੀ ਜਾ ਰਹੀ ਹੈ ਉਸ ਨੂੰ ਇਨ੍ਹਾਂ ਮਹਾਨ ਆਤਮਾਵਾਂ ਦੀ ਲੋਅ ਤੋਂ ਰੋਸ਼ਨੀ ਲੈਣੀ ਚਾਹੀਦੀ ਹੈ ਅਤੇ ਦਸ਼ਮ ਗੁਰੂ ਦੇ ਹੁਕਮਾਂ ਅਤੇ ਆਦਰਸ਼ਾਂ ਮੁਤਾਬਿਕ ਹੀ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਹੀ ਇਨ੍ਹਾਂ ਆਤਮਾਵਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਅਨੰਦਪੁਰ ਛੱਡਣਾ ਅਤੇ ਸਰਸਾ ਨਦੀ ਦੇ ਵਿਛੋੜੇ ਤੋਂ ਬਾਅਦ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ। ਮੁਗ਼ਲ ਫੌਜਾਂ ਅਤੇ ਸੂਹੀਏ ਲਗਾਤਾਰ ਉਨ੍ਹਾਂ ਨੂੰ ਲੱਭ ਰਹੇ ਸਨ। ਮਾਤਾ ਜੀ ਪਾਸ ਕੁਝ ਨਕਦੀ ਅਤੇ ਗਹਿਣੇ ਜੇਵਰ ਸਨ। ਹਾਕਮਾਂ ਵੱਲੋਂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸੂਚਨਾ ਦੇਣ ਵਾਲੇ ਨੂੰ ਨਕਦ ਇਨਾਮ ਦੀ ਘੋਸ਼ਣਾ ਵੀ ਕੀਤੀ ਹੋਈ ਸੀ। ਗੰਗੂ ਲਾਲਚ ਵਿਚ ਆ ਗਿਆ। ਉਸ ਨੇ ਮਾਤਾ ਜੀ ਦੀ ਮਾਇਆ ਤੇ ਜੇਵਰਾਂ ਵਾਲੀ ਗੰਢ ਚੋਰੀ ਕਰਕੇ ਲੁਕੋ ਲਈ ਅਤੇ ਸਰਕਾਰੀ ਇਨਾਮ ਪ੍ਰਾਪਤ ਕਰਨ ਹਿੱਤ ਮੋਰਿੰਡੇ ਥਾਣੇ ਵਿਚ ਗੁਰੂ ਪਰਿਵਾਰ ਦੀ ਉਸ ਪਾਸ ਠਹਿਰੇ ਹੋਣ ਦੀ ਸੂਚਨਾ ਵੀ ਖੁਦ ਹੀ ਥਾਣੇ ਦੇ ਆਇਆ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਹਿ ਸਿੰਘ (7 ਸਾਲ) ਨੂੰ ਕੈਦ ਕਰ ਲਿਆ ਗਿਆ।

ਰਾਏਕੋਟ ਦੇ ਮੁਕਾਮ 'ਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਖਬਰ ਮਿਲੀ ਕਿ ਸਰਹੰਦ ਦੇ ਨਵਾਬ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਉਹ ਆਖਰੀ ਸੁਆਸ ਤੱਕ ਆਪਣੇ ਧਰਮ ਅਤੇ ਅਕੀਦੇ ਵਿਚ ਦ੍ਰਿੜ੍ਹ ਰਹੇ। ਮਾਤਾ ਗੁਜਰੀ ਜੀ ਬੱਚਿਆਂ ਨੂੰ ਰੋਜ਼ ਤਿਆਰ ਕਰਕੇ ਕਚਹਿਰੀ ਭੇਜਦੇ ਰਹੇ ਜਿਥੇ ਉਨ੍ਹਾਂ ਨੇ ਸੱਚ ਦੀ ਸਾਖ ਭਰਦਿਆਂ ਕਾਜ਼ੀ ਦੇ ਸਵਾਲਾਂ ਦੇ ਉੱਤਰ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਦਿੱਤੇ। ਨਵਾਬ ਅਤੇ ਕਾਜ਼ੀ ਦੋਵੇਂ ਇਨ੍ਹਾਂ ਬੱਚਿਆਂ ਦੀ ਦਲੇਰੀ ਅਤੇ ਧਰਮ ਦੀ ਦ੍ਰਿੜ੍ਹਤਾ ਦੇ ਅੰਦਰੋਂ ਕਾਇਲ ਸਨ ਪਰ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਬਹੁਤ ਉਤਸੁਕ ਵੀ ਸਨ। ਦੀਵਾਨ ਸੁੱਚਾ ਨੰਦ ਵੀ ਅਦਾਲਤ ਵਿਚ ਹਾਜ਼ਰ ਸਭ ਕੁਝ ਵੇਖ-ਸੁਣ ਰਿਹਾ ਸੀ। ਉਸ ਨੇ ਸੋਚੀ-ਸਮਝੀ ਵਿਉਂਤ ਅਨੁਸਾਰ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਦਲੇਰਾਨਾ ਉੱਤਰ ਸੀ ਕਿ ਅਸੀਂ ਸਿੱਖ ਸੈਨਿਕ ਇਕੱਠੇ ਕਰਕੇ ਧਰਮ ਲਈ ਯੁੱਧ ਕਰਾਂਗੇ ਅਤੇ ਜ਼ਾਲਮ ਰਾਜ ਨੂੰ ਉਖੇੜਨ ਦਾ ਹਰ ਯਤਨ ਕਰਾਂਗੇ। ਇਸ ਉੱਤਰ ਨਾਲ ਸੁੱਚਾ ਨੰਦ ਨੂੰ ਨਵਾਬ ਅਤੇ ਕਾਜ਼ੀ ਨੂੰ ਉਕਸਾਉਣ ਦਾ ਬਹਾਨਾ ਮਿਲ ਗਿਆ। ਉਸ ਨੇ ਦੋਹਾਂ ਨੂੰ ਕਿਹਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ। ਇਸ ਤਰ੍ਹਾਂ ਬੱਚਿਆਂ ਨੂੰ ਨੀਂਹਾਂ ਵਿਚ ਚਿਣਨ ਦਾ ਆਦੇਸ਼ ਦਿੱਤਾ ਗਿਆ। ਕਾਜ਼ੀ ਨੇ ਸਲਾਹ ਦਿੱਤੀ ਕਿ ਇਹ ਕਾਰਜ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਨ ਰਾਹੀਂ ਕੀਤਾ ਜਾਵੇ ਕਿਉਂਕਿ ਉਸ ਦਾ ਭਰਾ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਪਰ ਨਵਾਬ ਰੱਬ ਤੋਂ ਡਰਨ ਵਾਲਾ ਇਨਸਾਨ ਸੀ। ਉਸ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ 'ਇਹ ਸਰਾਸਰ ਜ਼ੁਲਮ ਹੈ। ਮੇਰਾ ਭਰਾ ਜੰਗ ਵਿਚ ਸ਼ਹੀਦ ਹੋਇਆ ਹੈ। ਇਹ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਕੋਈ ਬਦਲਾ ਲੈਣਾ ਵੀ ਹੈ, ਤਾਂ ਇਨ੍ਹਾਂ ਦੇ ਪਿਤਾ (ਗੁਰੂ ਜੀ) ਤੋਂ ਲਈਏ!' ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ। ਸਿੱਖ ਸੰਗਤ ਵੀ ਤਾਹੀਓਂ ਸਦਾ ਮਲੇਰਕੋਟਲਾ ਦੇ ਨਵਾਬਾਂ ਦਾ ਸਤਕਾਰ ਕਰਦੀ ਆਈ ਹੈ! ਬੱਚਿਆਂ ਨੂੰ ਨੀਂਹਾਂ ਵਿਚ ਚਿਣ ਦਿੱਤਾ ਗਿਆ। ਨਿੱਕੀਆਂ ਜਿੰਦਾਂ ਜਪੁਜੀ ਦੇ ਪਾਠ ਉਚਾਰਦੀਆਂ ਚੜ੍ਹਦੀ ਕਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਰਹੀਆਂ। ਅੰਤ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਬੱਚੇ ਪ੍ਰੀਖਿਆ ਵਿਚ ਪਾਸ ਹੋਏ। ਮਾਤਾ ਗੁਜਰੀ ਜੀ ਵੀ ਬੱਚਿਆਂ ਤੋਂ ਸੁਰਖਰੂ ਹੋ ਕੇ ਬ੍ਰਹਮਲੀਨ ਹੋ ਗਏ।

ਅਸੀਂ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**




# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ


**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**







ਸਿੱਖ ਇਤਿਹਾਸ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਇਸ ਇਤਿਹਾਸ ਵਿਚ ਦਸੰਬਰ ਸੰਨ 1704 ਵਿਚ ਹੋਈਆਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦੀ ਉਦਾਹਰਣ ਸੰਸਾਰ ਇਤਿਹਾਸ ਵਿਚ ਦੁਰਲੱਭ ਹੈ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਪੇਸ਼ ਕਰਦਾ ਜੋਗੀ ਅੱਲਾ ਯਾਰ ਖਾਨ ਲਿਖਦਾ ਹੈ ਕਿ "ਜੇ ਭਾਰਤ ਵਿਚ ਕੋਈ ਮਹਾਨ ਤੀਰਥ ਅਸਥਾਨ ਹੈ, ਜਿਥੇ ਕਿਸੇ ਪਿਤਾ ਨੇ ਪਰਮਾਤਮਾ ਦੀ ਸਰਦਲ 'ਤੇ ਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ ਤਾਂ ਉਹ ਤੀਰਥ ਹੈ ਚਮਕੌਰ ਦੀ ਧਰਤੀ ਹੈ", ਜਿਸ ਦਾ ਹਰ ਕਣ ਪਰਮਾਤਮਾ ਦੀ ਸ਼ਾਨ ਵਿਚ ਚਮਕ ਰਿਹਾ ਹੈ। ਐਸੀ ਹੀ ਦਿਲ-ਕੰਬਾਊ ਦਾਸਤਾਨ 'ਸਰਹਿੰਦ ਦੀ ਦੀਵਾਰ' ਦੀ ਹੈ ਜਿਥੇ ਨਿੱਕੀਆਂ ਜਿੰਦਾਂ (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ) ਨੇ ਬਹੁਤ ਵੱਡਾ ਸਾਕਾ ਕਰ ਵਿਖਾਇਆ। ਸੌ-ਸੌ ਵਾਰ ਪ੍ਰਣਾਮ ਹੈ ਐਸੇ ਸੂਰਬੀਰਾਂ ਨੂੰ ਜਿਨ੍ਹਾਂ ਨੇ ਧਰਮ, ਦੇਸ਼ ਅਤੇ ਸਮੁੱਚੀ ਮਨੁੱਖਤਾ ਦੇ ਸ੍ਵੈਮਾਨ, ਅਣਖ ਅਤੇ ਆਜ਼ਾਦੀ ਹਿਤ ਜਾਨਾਂ ਵਾਰ ਦਿੱਤੀਆਂ।


ਗੁਰੂ ਜੀ ਦੇ ਦੋਵੇਂ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅਮਰਤਾ ਪ੍ਰਦਾਨ ਕਰਨ ਵਾਲਾ ਅੰਮ੍ਰਿਤ ਪਾਨ ਕੀਤਾ, ਸ਼ਸਤਰਧਾਰੀ ਬਣੇ, ਯੁੱਧ ਵਿੱਦਿਆ ਹਾਸਲ ਕੀਤੀ ਅਤੇ ਛੋਟੀਆਂ ਟੋਲੀਆਂ ਬਣਾ ਕੇ ਜੰਗ ਲੜਨ ਦੇ ਕਰਤੱਵ ਕਰਦੇ ਅਤੇ ਜੌਹਰ ਵਿਖਾਉਂਦੇ ਰਹਿੰਦੇ ਸੀ। ਕੁਝ ਦਿਨਾਂ ਵਿਚ ਹੀ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਪਾਨ ਕਰ ਲਿਆ ਅਤੇ ਸ਼ਸਤਰਧਾਰੀ ਖਾਲਸਾ ਹਕੂਮਤ ਲਈ ਖਤਰੇ ਦਾ ਚਿੰਨ੍ਹ ਬਣ ਗਿਆ। ਗੁਰੂ ਜੀ ਨੂੰ ਸਰਬੱਤ ਸਿੱਖ 'ਸੱਚਾ ਪਾਤਸ਼ਾਹ' ਮੰਨਦੇ ਤੇ ਸੰਬੋਧਨ ਕਰਦੇ ਸਨ ਜੋ ਔਰੰਗਜ਼ੇਬ ਲਈ ਬਰਦਾਸ਼ਤ ਕਰਨਾ ਕਠਨ ਸੀ। ਸਭ ਜਾਤਾਂ ਦਾ ਇਕੋ ਬਾਟੇ ਵਿਚੋਂ ਅੰਮ੍ਰਿਤ ਪਾਨ ਕਰਨਾ ਅਤੇ ਉਚ-ਨੀਚ ਦੀ ਬਰਾਬਰੀ ਪਹਾੜੀ ਹਿੰਦੂ ਰਾਜਿਆਂ ਨੂੰ ਵੀ ਪ੍ਰਵਾਨ ਨਹੀਂ ਸੀ। ਸੋ ਉਹ ਵੀ ਖਾਲਸੇ ਦੀ ਸਿਰਜਨਾ ਅਤੇ ਸਿੱਖਾਂ ਦੇ ਸ਼ਸਤਰਧਾਰੀ ਹੋਣ ਦੇ ਵਿਰੁੱਧ ਸਨ।

ਐਸੀ ਸਥਿਤੀ ਵਿਚ ਹੀ ਔਰੰਗਜ਼ੇਬ ਨੇ ਨਵਾਬ ਦਲਾਵਰ ਖਾਨ ਅਤੇ ਉਸ ਦੇ ਲੜਕੇ ਰੁਸਤਮ ਖਾਨ ਨੂੰ ਆਨੰਦਪੁਰ ਸਾਹਿਬ 'ਤੇ ਭਾਰੀ ਹਮਲਾ ਕਰਨ ਹਿਤ ਭੇਜਿਆ। ਨਵੰਬਰ ੧੬੯੯ ਦੀ ਇਕ ਰਾਤ ਨੂੰ ਭਾਰੀ ਗਿਣਤੀ ਵਿਚ ਆਈ ਮੁਗ਼ਲ ਸੈਨਾ ਗੁਰੂ ਜੀ ਦੀ ਖਾਲਸਾ ਫੌਜ ਨਾਲ ਆ ਟਕਰਾਈ ਪਰ ਉਸ ਦਾ ਸਾਹਮਣਾ ਨਾ ਕਰ ਸਕੀ। ਇਸ ਤਰ੍ਹਾਂ ਆਨੰਦਪੁਰ ਦੀ ਪਹਿਲੀ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ।

ਕੁਝ ਦਿਨ ਪਿੱਛੋਂ ਉਨ੍ਹਾਂ ਨੇ ਔਰੰਗਜ਼ੇਬ ਵੱਲੋਂ ਦਸਤਖਤ-ਸ਼ੁਦਾ ਕੁਰਾਨ ਅਤੇ ਉਸ ਵੱਲੋਂ ਚਿੱਠੀ ਪੇਸ਼ ਕੀਤੀ, ਪਿਛਲੀ ਗਲਤੀ ਦੀ ਖ਼ਿਮਾ ਮੰਗੀ ਅਤੇ ਕਿਹਾ ਕਿ ਜੇ ਆਪ ਜੀ ਸਿੱਖ ਸਿਪਾਹੀਆਂ ਸਮੇਤ ਕਿਲ੍ਹਾ ਛੱਡ ਦਿਓ, ਇਸ ਤਰ੍ਹਾਂ ਲੜਾਈ ਮੁੱਕ ਜਾਏਗੀ। ਸਿੱਖਾਂ ਦੇ ਬਾਰ-ਬਾਰ ਕਹਿਣ 'ਤੇ ੨੦ ਦਸੰਬਰ ੧੭੦੪ ਦੀ ਸਰਦੀਲੀ ਰਾਤ ਨੂੰ ਗੁਰੂ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ, ਬਾਕੀ ਸਿੱਖ ਜਥੇ ਵੀ ਮਗਰ-ਮਗਰ ਤੁਰ ਪਏ। ਅੰਮ੍ਰਿਤ ਵੇਲੇ ਆਪ ਜੀ ਸਰਸਾ ਦਰਿਆ ਦੇ ਕੰਢੇ ਪੁੱਜੇ। ਇਥੇ ਆਸਾ ਕੀ ਵਾਰ ਦਾ ਕੀਰਤਨ ਹੋਇਆ। ਸਮਾਪਤੀ ਉਪਰੰਤ ਦਰਿਆ ਪਾਰ ਕੀਤਾ ਗਿਆ। ਤਦ ਤੱਕ ਮੁਗ਼ਲ ਫੌਜ ਇਕਰਾਰ ਭੁੱਲ ਕੇ ਗੁਰੂ ਜੀ ਅਤੇ ਸਿੱਖ ਸੈਨਾ ਦੇ ਪਿੱਛੇ ਲੱਗ ਚੁੱਕੀ ਸੀ। ਐਸੇ ਸਮੇਂ ਹੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪਰਿਵਾਰ ਨਾਲੋਂ ਵਿੱਛੜ ਗਏ। ਘਰੇਲੂ ਸੇਵਾਦਾਰ ਗੰਗੂ ਦੇ ਕਹਿਣ 'ਤੇ ਉਹ ਉਸ ਦੇ ਪਿੰਡ ਖੇੜੀ ਜਾ ਟਿਕੇ। ਅਜੇ ਸਿੱਖ ਸੈਨਾ ਸਰਸਾ ਕੰਢੇ ਹੀ ਸੀ ਕਿ ਮੁਗ਼ਲ ਫੌਜ ਨੇ ਆ ਚੜ੍ਹਾਈ ਕੀਤੀ। ਸਿੱਖ ਸੂਰਮਿਆਂ ਨੇ ਪੂਰੀ ਬਹਾਦਰੀ ਨਾਲ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਅੱਗੇ ਨਾ ਵੱਧਣ ਦਿੱਤਾ। ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ, ਇਕੱਲੇ-ਇਕੱਲੇ ਨੇ ਕਈ-ਕਈ ਜਮਪੁਰੀ ਭੇਜੇ। ਅਖੀਰ ਬੇਅੰਤ ਨੁਕਸਾਨ ਕਰਵਾ ਕੇ ਥੱਕੀ-ਟੁੱਟੀ ਮੁਗ਼ਲ ਸੈਨਾ ਆਪਣੇ ਕੈਂਪ ਨੂੰ ਪਰਤ ਗਈ।

ਏਧਰ ਗੁਰੂ ਜੀ, ਦੋ ਵੱਡੇ ਸਾਹਿਬਜ਼ਾਦੇ ਅਤੇ ੪੦ ਦੇ ਕਰੀਬ ਸਿੱਖ ਰੋਪੜ ਦੇ ਇਲਾਕੇ 'ਚ ਪੁੱਜੇ ਅਤੇ ਖੁੱਲ੍ਹੇ ਮੈਦਾਨ ਵਿਚ ਛਾਉਣੀ ਪਾਈ। ਇਥੇ ਹੀ ਕੋਟਲਾ ਨਿਹੰਗ ਸਿੰਘ ਦੇ ਉਚੇ-ਲੰਮੇ ਪਠਾਣ ਨੇ ਗੁਰੂ ਜੀ ਦੇ ਕੈਂਪ ਦੀ ਰੱਖਿਆ ਲਈ ਆਪਣੀ ਸੇਵਾ ਭੇਟ ਕੀਤੀ। ਸੰਸਾਰ ਦੇ ਯੁੱਧ-ਇਤਿਹਾਸ ਵਿਚ ਕਿਤੇ ਵੀ ਐਸੀ ਉਦਾਹਰਣ ਨਹੀਂ ਮਿਲਦੀ ਜਿੱਥੇ ਕੇਵਲ ੪੦ ਕੁ ਸੂਰਮਿਆਂ ਨੇ ਅਣਗਿਣਤ ਸ਼ਾਹੀ ਸੈਨਾ ਨਾਲ ਲੋਹਾ ਲਿਆ ਹੋਵੇ। ਜਰਨੈਲ ਨਾਹਰ ਖਾਨ ਪੌੜੀ ਰਾਹੀਂ ਗੜ੍ਹੀ 'ਤੇ ਚੜ੍ਹਨ ਲੱਗਾ, ਗੁਰੂ ਜੀ ਦੇ ਤੀਰ ਨਾਲ ਵਿੰਨ੍ਹਿਆ ਗਿਆ-ਜਰਨੈਲ ਗਨੀ ਖਾਨ ਨੂੰ ਗੁਰਜ ਮਾਰ ਕੇ ਚਿੱਤ ਕਰ ਦਿੱਤਾ। ਸਿੱਖ





ਸਿਪਾਹੀ ਸਣੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਪ੍ਰਾਪਤ ਹਥਿਆਰਾਂ ਤੀਰਾਂ, ਤਲਵਾਰਾਂ, ਬਰਛਿਆਂ ਨਾਲ ਲੈਸ ਸਨ।


੨੨ ਦਸੰਬਰ,੧੭੦੪ ਨੂੰ ਘਮਸਾਨ ਦਾ ਯੁੱਧ ਹੋਇਆ। ਸਿੱਖ ਸੈਨਾ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੀ ਸੀ, ਪਰ ਗੁਰੂ ਜੀ ਦੀ ਹਜ਼ੂਰੀ, ਪਿਆਰ ਸਿਦਕ ਅਤੇ ਦ੍ਰਿੜ੍ਹਤਾ ਕਾਰਨ ਚੜ੍ਹਦੀ ਕਲਾ ਵਿਚ ਅਤੇ ਪੂਰੇ ਜਲਾਲ ਵਿਚ ਸੀ। ਗੁਰੂ ਜੀ, ਰਣਨੀਤੀ ਨਿਰਧਾਰਤ ਕਰਦਿਆਂ, ਪੰਜ-ਪੰਜ ਸਿੰਘਾਂ ਦੀ ਟੋਲੀ ਵੈਰੀਆਂ ਨਾਲ ਜੂਝਣ ਲਈ ਮੈਦਾਨੇ-ਜੰਗ ਵਿਚ ਭੇਜਦੇ, ਜੋ ਜੈਕਾਰਿਆਂ ਦੀ ਗੂੰਜ ਨਾਲ ਵੈਰੀਆਂ 'ਤੇ ਟੁੱਟ ਪੈਂਦੇ। ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦਿਆਂ ਆਪ ਸ਼ਹੀਦ ਹੋ ਜਾਂਦੇ। ਗੁਰੂ ਜੀ ਆਪ ਗੜ੍ਹੀ ਦੀ ਛੱਤ ਤੋਂ ਤੀਰਾਂ ਦਾ ਮੀਂਹ ਵਰ੍ਹਾਂਦੇ, ਮੁਗ਼ਲਾਂ ਵਿਚ ਭੜਥੂ ਪਾਈ ਰੱਖਦੇ। ਜਦੋਂ ਗੜ੍ਹੀ ਚਾਰੋਂ ਪਾਸਿਆਂ ਤੋਂ ਘਿਰ ਗਈ ਅਤੇ ਸਿੰਘ ਵੀ ਕਾਫੀ ਸ਼ਹੀਦ ਹੋ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਸਮੇਂ ਪੁੱਤਰਾਂ ਸਣੇ ਗੜ੍ਹੀ ਵਿਚੋਂ ਨਿਕਲ ਜਾਣ। 'ਕਿਹੜੇ ਪੁੱਤਰ?' ਗੁਰੂ ਜੀ ਨੇ ਉੱਤਰ ਦਿੱਤਾ, 'ਤੁਸੀਂ ਸਭ ਹੀ ਤਾਂ ਮੇਰੇ ਪੁੱਤਰ ਹੋ!" ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਪੰਜ ਸੂਰਬੀਰਾਂ ਦੀ ਕਮਾਨ ਦੇ ਕੇ ਗੁਰੂ ਜੀ ਦੀਆਂ ਅਸੀਸਾਂ ਲੈ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜੱਥਾ ਵੈਰੀਆਂ 'ਤੇ ਟੁੱਟ ਪਿਆ। ਜੈਕਾਰਿਆਂ ਦੀ ਗੂੰਜ ਵਿਚ ਲਲਕਾਰਦੇ ਸਿੱਖ ਸੂਰਬੀਰਾਂ ਨੇ ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ। ਤੀਰ ਮੁੱਕ ਗਏ ਤਾਂ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਅਖੀਰ ਦਮ ਤੱਕ ਜੂਝਦੇ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਬਾਕੀ ਦੇ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਵੱਡੇ ਭਰਾ ਦੀ ਬਹਾਦਰੀ ਤੋਂ ਉਤਸ਼ਾਹਤ ਹੁੰਦਿਆਂ ੧੫ ਸਾਲਾਂ ਦੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਮੈਦਾਨੇ-ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਨੂੰ ਨਾਲ ਤੋਰਦਿਆਂ ਅਸੀਸਾਂ ਬਖ਼ਸ਼ੀਆਂ। ਛੋਟੇ ਸਾਹਿਬਜ਼ਾਦੇ ਨੇ ਅਤੇ ਉਸ ਦੇ ਸਾਥੀਆਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਪਰਮਾਤਮਾ ਦਾ ਧੰਨਵਾਦ ਕੀਤਾ ਕਿ ਤੇਰੀ ਅਮਾਨਤ ਤੈਨੂੰ ਸਮਰਪਿਤ ਹੈ!

ਗੁਰੂ ਗੋਬਿੰਦ ਸਿੰਘ ਜੀ ਨੇ ਗੜ੍ਹੀ ਵਿਚ ਰਹਿੰਦੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਦੁਸ਼ਮਣ ਨਾਲ ਬਹਾਦਰੀ ਨਾਲ ਲੜਨਾ ਹੀ ਸਾਡਾ ਧਰਮ ਅਤੇ ਕਰਤੱਵ ਹੈ। ਸਾਡੇ ਲਹੂ ਦਾ ਇਕ-ਇਕ ਕਤਰਾ ਸਾਡੇ ਧਰਮ ਦੀਆਂ ਨੀਂਹਾਂ ਪੱਕੀਆਂ ਕਰੇਗਾ।" ਕੇਵਲ ੧੧ ਸਿੰਘ ਗੜ੍ਹੀ ਵਿਚ ਬਚੇ ਸਨ। ਉਨ੍ਹਾਂ ਨੇ ਗੁਰਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਲਈ ਬੇਨਤੀ ਕੀਤੀ। ਗੁਰਸਿੱਖਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਰਾਤ ਦੇ ਹਨ੍ਹੇਰੇ ਵਿਚ ਗੜ੍ਹੀ ਤੋਂ ਬਾਹਰ ਆਏ ਅਤੇ ਸਵੇਰ ਤੱਕ ਗੁਰੂ ਜੀ ਮਾਛੀਵਾੜੇ ਪੁੱਜ ਚੁੱਕੇ ਸਨ। ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਗੁਰੂ ਜੀ ਨੂੰ ਮਾਛੀਵਾੜੇ ਆ ਮਿਲੇ। ਨਬੀ ਖਾਨ ਅਤੇ ਗਨੀ ਖਾਨ ਜੋ ਗੁਰੂ ਜੀ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਇਥੇ ਗੁਰੂ ਜੀ ਨੂੰ ਆ ਮਿਲੇ। ਰਾਏਕੋਟ ਦੇ ਮੁਕਾਮ 'ਤੇ ਗੁਰੂ ਜੀ ਨੂੰ ਖਬਰ ਮਿਲੀ ਕਿ ਸਰਹੰਦ ਦੇ ਨਵਾਬ ਦੇ ਹੁਕਮ ਅਨੁਸਾਰ ਛੋਟੇ










ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਉਹ ਆਖਰੀ ਸੁਆਸ ਤੱਕ ਆਪਣੇ ਧਰਮ ਅਤੇ ਅਕੀਦੇ ਵਿਚ ਦ੍ਰਿੜ੍ਹ ਰਹੇ। ਮਾਤਾ ਗੁਜਰੀ ਜੀ ਬੱਚਿਆਂ ਨੂੰ ਰੋਜ਼ ਤਿਆਰ ਕਰਕੇ ਕਚਹਿਰੀ ਭੇਜਦੇ ਰਹੇ ਜਿਥੇ ਉਨ੍ਹਾਂ ਨੇ ਸੱਚ ਦੀ ਸਾਖ ਭਰਦਿਆਂ ਕਾਜ਼ੀ ਦੇ ਸਵਾਲਾਂ ਦੇ ਉੱਤਰ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਦਿੱਤੇ। ਨਵਾਬ ਅਤੇ ਕਾਜ਼ੀ ਦੋਵੇਂ ਇਨ੍ਹਾਂ ਬੱਚਿਆਂ ਦੀ ਦਲੇਰੀ ਅਤੇ ਧਰਮ ਦੀ ਦ੍ਰਿੜ੍ਹਤਾ ਦੇ ਅੰਦਰੋਂ ਕਾਇਲ ਸਨ ਪਰ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਬਹੁਤ ਉਤਸੁਕ ਵੀ ਸਨ। ਦੀਵਾਨ ਸੁੱਚਾ ਨੰਦ ਵੀ ਅਦਾਲਤ ਵਿਚ ਹਾਜ਼ਰ ਸਭ ਕੁਝ ਵੇਖ-ਸੁਣ ਰਿਹਾ ਸੀ। ਉਸ ਨੇ ਸੋਚੀ-ਸਮਝੀ ਵਿਉਂਤ ਅਨੁਸਾਰ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਦਲੇਰਾਨਾ ਉੱਤਰ ਸੀ ਕਿ ਅਸੀਂ ਸਿੱਖ ਸੈਨਿਕ ਇਕੱਠੇ ਕਰਕੇ ਧਰਮ ਲਈ ਯੁੱਧ ਕਰਾਂਗੇ ਅਤੇ ਜ਼ਾਲਮ ਰਾਜ ਨੂੰ ਉਖੇੜਨ ਦਾ ਹਰ ਯਤਨ ਕਰਾਂਗੇ। ਇਸ ਉੱਤਰ ਨਾਲ ਸੁੱਚਾ ਨੰਦ ਨੂੰ ਨਵਾਬ ਅਤੇ ਕਾਜ਼ੀ ਨੂੰ ਉਕਸਾਉਣ ਦਾ ਬਹਾਨਾ ਮਿਲ ਗਿਆ। ਉਸ ਨੇ ਦੋਹਾਂ ਨੂੰ ਕਿਹਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ। ਇਸ ਤਰ੍ਹਾਂ ਬੱਚਿਆਂ ਨੂੰ ਨੀਂਹਾਂ ਵਿਚ ਚਿਣਨ ਦਾ ਆਦੇਸ਼ ਦਿੱਤਾ ਗਿਆ। ਕਾਜ਼ੀ ਨੇ ਸਲਾਹ ਦਿੱਤੀ ਕਿ ਇਹ ਕਾਰਜ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਨ ਰਾਹੀਂ ਕੀਤਾ ਜਾਵੇ ਕਿਉਂਕਿ ਉਸ ਦਾ ਭਰਾ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਪਰ ਨਵਾਬ ਰੱਬ ਤੋਂ ਡਰਨ ਵਾਲਾ ਇਨਸਾਨ ਸੀ। ਉਸ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ 'ਇਹ ਸਰਾਸਰ ਜ਼ੁਲਮ ਹੈ। ਮੇਰਾ ਭਰਾ ਜੰਗ ਵਿਚ ਸ਼ਹੀਦ ਹੋਇਆ ਹੈ। ਇਹ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਕੋਈ ਬਦਲਾ ਲੈਣਾ ਵੀ ਹੈ, ਤਾਂ ਇਨ੍ਹਾਂ ਦੇ ਪਿਤਾ (ਗੁਰੂ ਜੀ) ਤੋਂ ਲਈਏ!' ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ। ਸਿੱਖ ਸੰਗਤ ਵੀ ਤਾਹੀਓਂ ਸਦਾ ਮਲੇਰਕੋਟਲਾ ਦੇ ਨਵਾਬਾਂ ਦਾ ਸਤਕਾਰ ਕਰਦੀ ਆਈ ਹੈ! ਬੱਚਿਆਂ ਨੂੰ ਨੀਂਹਾਂ ਵਿਚ ਚਿਣ ਦਿੱਤਾ ਗਿਆ। ਨਿੱਕੀਆਂ ਜਿੰਦਾਂ ਜਪੁਜੀ ਦੇ ਪਾਠ ਉਚਾਰਦੀਆਂ ਚੜ੍ਹਦੀ ਕਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਰਹੀਆਂ। ਅੰਤ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਜੀ ਵੀ ਬੱਚਿਆਂ ਤੋਂ ਸੁਰਖਰੂ ਹੋ ਕੇ ਬ੍ਰਹਮਲੀਨ ਹੋ ਗਏ।

ਗੁਰੂ ਜੀ ਨੇ ਸਾਰੀ ਵਾਰਤਾ ਸੁਣ ਕੇ ਇਕ ਬੂਟਾ ਪੁੱਟਿਆ ਤੇ ਫ਼ਰਮਾਨ ਕੀਤਾ, 'ਹੁਣ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ।' ਇਹ ਵਾਕ ਸੱਚੇ ਸਿੱਧ ਹੋਏ। ਗੁਰੂ ਪਾਤਸ਼ਾਹ ਦੇ ਸਿਰਜੇ ਖਾਲਸੇ ਨੇ ਸਦੀਆਂ ਤੋਂ ਲਿਤਾੜੇ, ਲੁੱਟੇ ਤੇ ਮਾਰੇ ਜਾ ਰਹੇ ਹਿੰਦੁਸਤਾਨ ਦੇ ਵਾਸੀਆਂ ਨੂੰ ਮੁਗ਼ਲ ਹਕੂਮਤ ਤੋਂ ਨਿਜਾਤ ਦਿਵਾਈ।

ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਦੁੱਤੀ ਹੈ।



# ਦੋ ਨੀਂਹਾਂ ਵਿਚ ਚਿਣਵਾਏ



ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਮੱਘਰ ਸੁਦੀ 3, ਸੰਮਤ 1753 (ਸੰਨ 1696) ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਫੱਗਣ ਸੁਦੀ 7, ਸੰਮਤ 1755 (ਸੰਨ 1698) ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਸ਼ਹੀਦੀ ਸਾਕਾ 27 ਦਸੰਬਰ ਸੰਨ 1704 ਨੂੰ ਸਰਹੰਦ ਵਿਖੇ ਹੋਇਆ। ਉਸ ਸਮੇਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਆਯੂ 8 ਅਤੇ 6 ਸਾਲ ਸੀ।

ਸਿੱਖ ਇਤਿਹਾਸ ਨੂੰ ਅਗਰ ਗੌਰ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਅਨੇਕਾਂ ਹੀ ਸ਼ਹੀਦਾਂ ਨੇ ਸ਼ਹਾਦਤਾਂ ਪਾਈਆਂ ਪਰ ਫਿਰ ਵੀ ਬਹੁਤ ਸਾਰੇ ਸ਼ਹੀਦ ਅਜੇ ਤੱਕ ਗੁੰਮਨਾਮ ਹਨ ਜਿਨ੍ਹਾਂ ਦੇ ਨਾਵਾਂ ਦਾ ਵਰਨਣ ਨਹੀਂ ਮਿਲਦਾ ਪਰ ਸਾਨੂੰ ਇਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਜਦੋਂ ਕੋਈ ਆਗੂ ਨੂੰ ਅੱਗੇ ਹੋ ਕੇ ਜ਼ਾਲਮਾਂ ਦਾ ਟਾਕਰਾ ਕਰਨ ਲਈ ਭੇਜਿਆ ਜਾਂਦਾ ਸੀ ਤਾਂ ਉਸ ਗਰੁੱਪ ਵਿਚ 10-15 ਤੋਂ ਤਾਂ ਜ਼ਿਆਦਾ ਹੀ ਹੁੰਦੇ ਹੋਣਗੇ ਪਰ ਨਾਮ ਥੋੜ੍ਹੇ ਜਾਣਿਆਂ ਦੇ ਹੀ ਆਉਂਦੇ ਹਨ। ਬਹੁਤੇ ਸ਼ਹੀਦ ਇਤਿਹਾਸਕਾਰਾਂ ਦੀਆਂ ਨਜ਼ਰਾਂ ਵਿਚ ਨਹੀਂ ਆਏ। ਸ਼ਹੀਦੀ ਪ੍ਰਾਪਤ ਕਰਨ ਵਾਲੇ ਲੱਖਾਂ ਹੀ ਸ਼ਹੀਦਾਂ ਵਿਚੋਂ ਇਕ-ਇਕ ਸ਼ਹੀਦੀ, ਆਉਣ ਵਾਲੀਆਂ ਪੀੜ੍ਹੀਆਂ ਦੀ ਅਗਵਾਈ ਕਰਦੀ ਰਹੇਗੀ। ਸਿੱਖ ਇਤਿਹਾਸ ਦੀਆਂ ਅਨੇਕਾਂ ਮਹਾਨ ਸ਼ਹੀਦੀਆਂ ਵਿਚੋਂ ਛੋਟੇ ਸਾਹਿਬਜ਼ਾਦਿਆਂ ਨੇ ਜੋ ਅਦੁੱਤੀ ਕੁਰਬਾਨੀ ਦਾ ਕਾਰਨਾਮਾ ਕੀਤਾ ਹੈ, ਉਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਸਤਿਗੁਰਾਂ ਦੀ ਮਹਾਨ ਫਿਲਾਸਫ਼ੀ ਸੱਚ ਉੱਤੇ ਪਹਿਰਾ ਦੇਣ ਲਈ ਇਤਨੀ ਦ੍ਰਿੜ੍ਹਤਾ ਅਤੇ ਹਿੰਮਤ ਵਾਲੀ ਹੈ, ਜਿਸ ਦੀ ਮਿਸਾਲ ਲੱਭਣੀ ਔਖੀ ਹੋ ਜਾਂਦੀ ਹੈ।

ਇਹ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਛੋਟੀ ਉਮਰ ਵਿਚ ਜਦੋਂ ਕਿ ਬੱਚਾ ਖੇਲਣ ਵਾਲੇ ਪਾਸੇ ਲੱਗਾ ਹੁੰਦਾ ਹੈ ਉਸ ਟਾਈਮ ਐਸੀ ਕੁਰਬਾਨੀ ਅਤੇ ਕੁਰਬਾਨੀ ਤੋਂ ਪਹਿਲਾਂ ਮੌਕੇ ਦੀ ਸਰਕਾਰ ਨਾਲ ਸਵਾਲ-ਜਵਾਬ ਕਰਦਿਆਂ ਉਨ੍ਹਾਂ ਨੂੰ 'ਚਿੱਤ' ਕਰ ਦੇਣਾ। ਅੰਤ ਨੂੰ ਮੌਕੇ ਦੀ ਸਰਕਾਰ ਨੇ ਨੀਹਾਂ ਵਿਚ ਚਿਣਨ ਦਾ ਫਤਵਾ ਸੁਣਾਉਣਾ। ਪਰ ਇਹ ਕੁਰਬਾਨੀ ਕਿੰਨੀ ਮਹਾਨ ਸੀ, ਜਿਸ ਨੂੰ ਸਮਝਣਾ-ਸਮਝਾਉਣਾ ਬਹੁਤ ਜ਼ਰੂਰੀ ਹੈ। ਇਸ ਸ਼ਹੀਦੀ ਬਾਰੇ ਕੁਝ ਕੁ ਨੁਕਤੇ ਧਿਆਨ ਮੰਗਦੇ ਹਨ। ਇਹ ਸ਼ਹੀਦੀ ਕਿਸ ਮਨੋਰਥ ਦੀ ਪੂਰਤੀ ਲਈ ਦਿੱਤੀ ਗਈ? ਮੌਤ ਤੋਂ ਬਚ ਕੇ, ਸੁਖ ਆਰਾਮ ਦੀ ਜ਼ਿੰਦਗੀ ਨੂੰ ਕਿਉਂ ਨਾ ਅਪਨਾਇਆ? ਕੀ ਜਬਰ ਆਪਣੇ ਉਦੇਸ਼ਾਂ ਵਿਚ ਕਾਮਯਾਬ ਹੋ ਸਕਿਆ?

ਇਸ ਨੂੰ ਅਗਰ ਤਰਤੀਬ ਨਾਲ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਤਾਂ ਇਹ ਸਿੱਧ ਹੁੰਦਾ ਹੈ ਕਿ ਗੁਰਮਤਿ ਦੀ ਵਿਚਾਰਧਾਰਾ ਭਾਵੇਂ ਕਿੰਨੀ ਆਯੂ ਵਾਲੇ ਮਨੁੱਖ ਪਾਸ ਹੀ ਕਿਉਂ ਨ ਪਹੁੰਚੇ, ਉਸ ਵਿਚ ਗੁਰਮਤਿ ਦੇ ਗੁਣ ਜ਼ਰੂਰ ਭਰ ਜਾਣਗੇ। ਫਿਰ ਇਹ ਦ੍ਰਿੜ੍ਹਤਾ ਵੀ ਇਸ ਵਿਚਾਰਧਾਰਾ ਨੇ ਕਮਾਲ ਦੀ ਭਰੀ ਕਿ ਸੰਸਾਰ ਦੇ ਸੁੱਖ ਆਰਾਮ ਵੀ ਸਾਹਿਬਜ਼ਾਦਿਆਂ ਨੂੰ ਡੁਲਾ ਨਾ ਸਕੇ। ਤੇ ਨਾ ਹੀ ਕਮਜ਼ੋਰ ਕਰ ਸਕੇ। ਜਾਬਰ ਇਹ ਸਮਝ ਬੈਠਾ ਸੀ ਕਿ ਸ਼ਾਇਦ ਤਲਵਾਰ ਨਾਲ ਗੁਰਮਤਿ ਦੇ ਧਾਰਨੀਆਂ ਨੂੰ ਧਰਮ ਛੱਡਣ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ ਪਰ ਇਹ ਉਸਦੀ ਸਭ ਤੋਂ ਵੱਡੀ ਭੁੱਲ ਸੀ ਜਿਸ ਨਾਲ ਉਸ ਦੀ ਹਾਰ ਹੋਈ, ਜਦੋਂ ਉਹ ਆਪਣੇ ਮਿਸ਼ਨ ਵਿਚ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ।

ਸਿੱਖੀ ਸਰੂਪ ਅਤੇ ਵਿਚਾਰਧਾਰਾ ਤੇ ਪਹਿਰਾ ਦੇਣ ਲਈ ਇਤਨੀਆਂ ਮਹਾਨ ਕੁਰਬਾਨੀਆਂ ਦਿੱਤੀਆਂ ਗਈਆਂ ਸਨ ਪਰ ਅੱਜ ਸਿੱਖ ਪੰਥ ਦੀ ਹਾਲਤ ਵੇਖ ਕੇ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਗੁਰਸਿੱਖ ਦੀ ਗੱਲ ਤਾਂ ਬਹੁਤ ਦੂਰ ਦੀ, ਸਿੱਖ ਆਗੂ ਧਾਰਮਕ, ਰਾਜਨੀਤਕ, ਪ੍ਰਚਾਰਕ ਤੇ ਪ੍ਰਬੰਧਕ ਆਦਿ ਬੜੇ ਸਹਿਜੇ ਹੀ ਥੋੜ੍ਹੇ ਜਿਹੇ ਲਾਲਚ ਵਿਚ ਫਸ ਕੇ ਸਿੱਖੀ ਸਰੂਪ ਅਤੇ ਵਿਚਾਰਧਾਰਾ ਤੇ ਸਮਝੌਤਾ ਕਰਕੇ ਨਿੱਜੀ ਕੰਮ ਸਾਰ ਲੈਂਦੇ ਹਨ ਅਤੇ ਪਤਾ ਲੱਗਣ ਤੇ ਸਿੱਖ ਕੌਮ ਦਾ ਸਿਰ ਨੀਵਾਂ ਹੋ ਜਾਂਦਾ ਹੈ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਅੱਜ ਕੌਮ ਨੂੰ ਕੁਝ ਅਗਵਾਈ ਲੈਣੀ ਚਾਹੀਦੀ ਹੈ ਅਤੇ ਮੌਜੂਦਾ ਸਮੇਂ ਅੰਦਰ ਜੋ ਢਹਿੰਦੀ ਕਲਾ ਸਿੱਖ ਕੌਮ ਵਿਚ ਆਈ ਹੈ, ਉਸ ਨੂੰ ਠੱਲ੍ਹ ਪਾਉਣ ਤੋਂ ਹਿੰਮਤ ਨਹੀਂ ਹਾਰਨੀ ਚਾਹੀਦੀ, ਬਲਕਿ ਯਤਨਾਂ ਨੂੰ ਹੋਰ ਵਧੇਰੇ ਦ੍ਰਿੜ੍ਹਤਾ ਅਤੇ ਮਜ਼ਬੂਤੀ ਨਾਲ ਆਰੰਭ ਕਰਨਾ ਚਾਹੀਦਾ ਹੈ। ਆਉ ਇਕ ਦੂਜੇ ਦੀਆਂ ਕਮਜ਼ੋਰੀਆਂ ਲੱਭਣੀਆਂ ਛੱਡ ਕੇ ਆਪਣੀ ਪੀੜ੍ਹੀ ਥੱਲੇ ਸੋਟਾ ਮਾਰੀਏ ਤਾਂ ਜੋ ਰਲਮਿਲ ਕੇ ਹੰਭਲਾ ਮਾਰਿਆ ਜਾਵੇ ਅਤੇ ਸਿੱਖ ਕੌਮ ਵਿਚ ਆ ਰਹੀਆਂ ਕੁਰੀਤੀਆਂ ਨੂੰ ਰਲਮਿਲ ਕੇ ਦੂਰ ਕਰਨ ਦੀ ਕੋਸ਼ਿਸ਼ ਕਰੀਏ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਇੰਜੀਨੀਅਰ ਪਰਮਿੰਦਰਜੀਤ ਸਿੰਘ,**
**ਕੋ ਐਡੀਟਰ**, 99153-57524

# ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ

**ਸ. ਸੁਰਿੰਦਰਪਾਲ ਸਿੰਘ**



ਅਸੀਂ ਜਦੋਂ ਆਪਣੇ ਸ਼ਰਧਾ ਨਾਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਸੰਦਰਭ ਵਿਚ ਸੋਚ ਨੂੰ ਕ੍ਰਿਆਸ਼ੀਲ ਕਰਦੇ ਹਾਂ ਤਾਂ ਸਾਡੀਆਂ ਸੋਚਾਂ ਆਪਣੇ ਆਪ ਹੀ ਪੂਰਨ ਰੂਪ ਸਤਿਕਾਰ-ਸੰਚਤ ਹੋ ਹੋ ਜਾਂਦੀਆਂ ਹਨ ਤੇ ਸਾਡੀਆਂ ਰਗਾਂ ਵਿਚ ਇਕ ਵੱਖਰੀ ਪ੍ਰਕਾਰ ਦਾ ਜੋਸ਼ ਸੰਚਾਰਤ ਹੋਣ ਲੱਗਦਾ ਹੈ। ਉਨ੍ਹਾਂ ਦਾ ਮਹਾਂ ਸੰਘਰਸ਼ਸ਼ੀਲ ਜੀਵਨ-ਕਰਮ ਅਤੇ ਉਸ ਵਿਚੋਂ ਪਹੁ-ਫੁਟਾਲੇ ਵਾਂਗ ਕਿਰਨਾਂ ਵਤ ਫੁੱਟ-ਫੁੱਟ, ਝਲਕਾਂ-ਝਲਕਾਰੇ ਮਾਰ-ਮਾਰ ਬਾਹਰ ਨੂੰ ਆਉਂਦੇ ਮਹਾਨ ਫਲਸਫੀ ਫ਼ੈਸਲੇ ਉਨ੍ਹਾਂ ਨੂੰ ਇਕ ਅਜਿਹਾ ਯੁਗਨਾਇਕ ਕਰਦੇ ਜਾਂਦੇ ਹਨ ਜਿਨ੍ਹਾਂ ਦੇ ਸਮਾਨ ਭਾਲ ਸਕਣਾ ਅਸੰਭਵ ਹੈ। ਉਨ੍ਹਾਂ ਦੇ ਕੇਸਰੀ ਜੀਵਨ-ਕਰਮ ਤੇ ਫਲਸਫਾ, ਦੂਰ ਦ੍ਰਿਸ਼ਟ ਨਿਰਣੇ ਉਨ੍ਹਾਂ ਨੂੰ ਇਕ ਪ੍ਰਕਾਰ ਦਾ ਵੱਡ-ਅੰਬਰ-ਆਕਾਰੀ ਆਭਾ-ਮੰਡਲੀ ਸਰੂਪ ਬਖਸ਼ ਦੇਂਦੇ ਹਨ ਜਿਸ ਨੂੰ ਧੁੰਦਲਾ ਕਰ ਸਕਣਾ ਅੱਜ ਤੱਕ ਵੀ ਕਿਸੇ ਸਮਿਆਂ ਦੀ ਧੂੜ ਦੇ ਵੱਸ ਵਿਚ ਨਹੀਂ ਆਇਆ ਸਗੋਂ ਇਸ ਨੂੰ ਸਮੂੰਹ ਸਮਿਆਂ ਦੀ ਧਾਰ ਨੇ ਹੋਰ ਚਮਕਾਇਆ ਹੈ, ਉਭਾਰਿਆ ਹੈ ਅਤੇ ਉਸਾਰਿਆ ਹੈ।

ਆਪਣੇ ਮਹਾਂਨਾਇਕ ਸੰਬੰਧੀ ਇਹ ਵਿਚਾਰ ਅਰੰਭਦਿਆਂ, ਉਨ੍ਹਾਂ ਸਮਿਆਂ ਦੇ ਸਮਾਜਕ ਹਾਲਾਤ ਨੂੰ ਸਰਬਪ੍ਰਥਮ ਸੰਖੇਪ ਰੂਪ ਵਿਚਾਰਨਾ ਪੈਂਦਾ ਹੈ। ਇਹ ਉਹ ਸਮਾਂ ਸੀ ਜਦ ਤਖ਼ਤ 'ਤੇ ਕਾਬਜ਼ ਮੁਗਲੀਆ ਸਲਤਨਤ, ਜਿਸ ਦਾ ਲਹਿੰਦਾ ਪੱਖ ਅਰੰਭ ਹੁੰਦਾ ਹੋਇਆ ਉਹ ਘ੍ਰਿਣਤ ਨੀਚਤਾਵਾਂ ਨੂੰ ਪਹੁੰਚ ਚੁੱਕੀ ਹੈ। ਉਹ ਜ਼ੁਲਮ ਦੇ ਜ਼ੋਰ ਨਾਲ ਆਪਣੇ ਮਜ਼ਹਬ ਨੂੰ ਫੈਲਾਉਂਦੀ ਹੈ। ਉਸ ਦੇ ਸਤਾਏ ਤੇ ਰੋਜ਼-ਰੋਜ਼ ਦੇ ਲਹੂ-ਪੀਣੇ ਕਾਰਕੁੰਨਾਂ ਦੇ ਤੜਫਾਏ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਕੋਈ ਹੋਰ ਰਾਹ ਨਾ ਲੱਭਤਾ ਵੇਖ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਣ ਫਰਿਆਦੀ ਹੁੰਦਾ ਹੈ ਕਿ ਉਨ੍ਹਾਂ ਦੀ ਜਾਨ ਬਖ਼ਸ਼ੀ ਕਰਾਈ ਜਾਵੇ, ਅਥਵਾ ਉਨ੍ਹਾਂ ਨੂੰ ਅਪਾਰ ਪਨਾਹ ਵਿਚ ਲੈ ਕੇ ਅਨੇਕ ਪ੍ਰਕਾਰ ਦੇ ਅਸਹਿ ਤੇ ਅਕਹਿ ਸਦਮਿਆਂ ਤੋਂ ਢਾਲ-ਚੰਦੋਏ ਦਾ ਰਕਸ਼ਾ-ਕਵਚ ਪ੍ਰਦਾਨ ਕਰ ਕੇ ਉਨ੍ਹਾਂ ਨੂੰ ਵੇਲੇ ਦੇ ਹਾਕਮਾਂ ਵੱਲੋਂ ਚੜ੍ਹਾਈਆਂ ਜਾਂਦੀਆਂ ਵਹੀਰਾਂ ਤੋਂ ਮੁਕਤ ਕਰਾਇਆ ਜਾਵੇ।

ਉਨ੍ਹਾਂ ਸਮਿਆਂ ਦਾ ਇਤਿਹਾਸ, ਸਾਖੀ ਭਰਦਿਆਂ ਅਮਿਟ ਸਨਦੀ ਪ੍ਰਮਾਣ ਵਜੋਂ ਭੁਗਤਦਾ ਇਕ ਭਰਵੀਂ ਅਵਾਜ਼ੇ ਗਵਾਹੀਆਂ ਪਾਉਂਦਾ ਨਜ਼ਰ ਆ ਜਾਂਦਾ ਹੈ; ਜਦ ਆਪਣੇ ਮਹਾਨ ਮਾਣਯੋਗ ਪੂਜਨੀਕ ਪਿਤਾ ਜੀ ਨੂੰ ਬਾਲ ਗੋਬਿੰਦ ਰਾਇ ਬਾਹਰੋਂ ਖੇਡਦੇ ਆਉਂਦਿਆਂ ਸੋਚੀਂ ਪਿਆਂ ਵੇਖ ਇਕ ਆਪ-ਮੁਹਾਰਾ ਪ੍ਰਸ਼ਨ ਉਤਪੰਨ ਕਰਦੇ ਹਨ। 'ਆਪ ਜੀ ਇਉਂ ਗੰਭੀਰ ਕਿਉਂ ਬੈਠੇ ਹੋ?' ਤਾਂ ਉਹ ਸਾਹਮਣੇ ਆਣ ਪਹੁੰਚੇ ਹਾਲਾਤ ਨੂੰ ਬਾਲ ਗੋਬਿੰਦ ਰਾਇ ਦੇ ਸਨਮੁੱਖ ਕਰਦੇ ਹਨ ਕਿ ਇਸ ਵੇਲੇ ਕਿਸੇ ਮਹਾਂਪੁਰਖ ਦੀ ਸ਼ਹਾਦਤ ਦੀ ਮੰਗ ਹੋ ਰਹੀ ਹੈ ਜਿਹੜੀ ਇਨ੍ਹਾਂ ਸੁਆਲੀਆਂ ਦੇ ਮਾਲ-ਧਨ, ਇੱਜ਼ਤ-ਆਬਰੂ ਤੇ ਸਮਾਜੀ ਸਭਿਆਚਾਰ ਨੂੰ ਬਚਾਉਣ ਦਾ ਸਾਧਨ ਤੇ ਉਪਾਅ ਬਣ ਸਕੇ। ਇਹੋ ਜਿਹੇ ਕਠਿਨਾਈ ਪੂਰਣ ਚਿੰਤਾ-ਗ੍ਰਸਤ ਹਾਲਾਤ ਦੀ ਜਾਣਕਾਰੀ ਪ੍ਰਾਪਤ ਕਰ ਕੇ ਉਸੇ ਸਮੇਂ ਬਾਲ ਗੋਬਿੰਦ ਰਾਇ ਸੁੱਤੇ-ਸਿੱਧ ਹੀ ਹਾਲਾਤ ਤੋਂ ਉਤਪੰਨ ਹੁੰਦੀਆਂ ਲੋੜਾਂ ਨੂੰ ਪੂਰਿਆਂ ਕਰਨ ਦੇ ਯੋਗ ਇਕੋ ਇਕ ਉੱਚ ਹਸਤੀ ਦਾ ਮਹਾਨਤਮ ਰੁੱਤਬਾ ਦੇਂਦੇ ਹਨ ਜੋ ਉਨ੍ਹਾਂ ਦੀ ਸਰਬਾਂਗੀ ਆਨ-ਸ਼ਾਨ ਦੀ ਰਾਖੀ ਕਰ ਸਕਦਾ ਹੋਵੇ।

ਉਨ੍ਹਾਂ ਦਾ ਇਹ ਸੁਤੇ-ਸਿੱਧ ਉਚਾਰਿਆ ਫੁਰਨਾ ਆਪਣੇ ਮੂਲ ਰੂਪ ਵਿਚ ਉਨ੍ਹਾਂ ਦੇ ਬਾਲ-ਜੀਵਨ ਤੋਂ ਹੀ ਇਕ ਅਜਿਹੇ ਬਾਲ-ਮਨ ਵੱਲ ਭਰਵਾਂ ਇਸ਼ਾਰਾ ਕਰ ਜਾਂਦਾ ਹੈ ਜਿਸ ਨੂੰ ਕਿਸੇ ਪ੍ਰਕਾਰ ਵੀ ਸਧਾਰਨ ਬਾਲਕ ਨਹੀਂ ਕਿਹਾ ਜਾ ਸਕਦਾ। ਅਸੀਂ ਨਿੱਤ ਵੇਖਦੇ ਹਾਂ ਕਿ ਆਮ ਬਾਲਕ ਨਿੱਕੀਆਂ-ਨਿੱਕੀਆਂ ਖੇਡਾਂ ਨੂੰ ਖੇਡਦੇ ਬਹੁਤ ਖੱਚਤ ਹੋਏ ਰੁੱਝੇ ਰਮੇ ਨਜ਼ਰ ਆਉਂਦੇ ਹਨ। ਪਰ ਇਨ੍ਹਾਂ ਦੇ ਮੁਕਾਬਲੇ ਬਾਲ ਗੋਬਿੰਦ ਰਾਇ ਇਕ ਅਸੀਮ ਪ੍ਰਤਿਭਾ-ਸੰਪੰਨ ਬਾਲਕ ਹੋਣ ਦਾ ਬੜਾ ਭਰਵਾਂ ਬਲਸ਼ਾਲੀ ਪ੍ਰਮਾਣ ਦੇਂਦੇ ਹਨ। ਜਦ ਉਹ

ਆਪਣੇ ਮਹਾਨ ਪਿਤਾ ਨੂੰ ਸ਼ਹਾਦਤ ਦਾ ਵਿਚਾਰ ਅੰਗੀਕਾਰ ਕਰਨ ਦਾ ਸੁਝਾਓ ਸਹਿਜੇ ਹੀ ਦੇ ਜਾਂਦੇ ਹਨ ਉਨ੍ਹਾਂ ਦਾ ਇਹ ਫੁਰਨਏਂ ਸੁਝਾਓ ਸਾਨੂੰ ਇਸ ਪ੍ਰਕਾਰ ਦਾ ਵਡਿਆਈਆਂ ਮੱਤਾ ਬਾਲ-ਫ਼ੈਸਲਾ ਬਣ ਕੇ ਨਜ਼ਰੀਂ ਆਉਂਦਾ ਹੈ ਜੋ ਉਨ੍ਹਾਂ ਦੀ ਯੁਗਾਂਤਰੀ ਹਸਤੀ ਦੇ ਵੱਡ-ਵਡੇਰੇ ਉਸਾਰ ਦਾ ਪਹਿਲਾ ਤੇ ਪੱਕਾ ਵਾਰ ਬਣਦਾ ਹੈ ਜਿਸ 'ਤੇ ਨੌਵੇ ਪਾਤਸ਼ਾਹ ਦਿੱਲੀ ਜਾ ਕੇ ਆਪਣੀ ਸ਼ਹਾਦਤ ਦੇਂਦੇ ਹਨ ਤੇ ਨਾਲੋ-ਨਾਲ ਹੀ ਅਗਲੀਆਂ ਵਡੇਰੀਆਂ ਪੰਧਾਊ ਨੀਹਾਂ-ਲੀਹਾਂ ਬਣਨੀਆਂ ਅਰੰਭ ਹੋ ਜਾਂਦੀਆਂ ਹਨ।

ਇਹ ਇਤਿਹਾਸਕ ਕਾਲ-ਖੰਡ, ਰਾਜਨੀਤਕ ਤੌਰ 'ਤੇ ਵਿਚਾਰਿਆਂ ਏਕਾਧਿਕਾਰੀ ਰਾਜਸ਼ਾਹੀ ਦਾ ਹੈ। ਇਸ ਦੀਆਂ ਸੈਂਕੜੇ ਉਦਾਹਰਣਾਂ ਮਿਲਦੀਆਂ ਹਨ ਕਿ ਤਾਨਾਸ਼ਾਹੀ ਏਕਾਧਿਕਾਰੀ ਰਾਜ ਪ੍ਰਬੰਧ ਆਪਣੇ ਆਪ ਵਿਚ ਰਾਜ-ਸੱਤਾ ਦੇ ਅੰਨ੍ਹੇ ਨਸ਼ਿਆਂ ਵਿਚ ਚੂਰ, ਮਦਮਾਤੇ ਸਿਰਫ ਸਵੈ ਨੂੰ ਹੀ ਸੁਆਰਦੇ ਰਾਜਿਆਂ ਤੇ ਰਾਜ-ਘਰਾਣਿਆਂ ਦਾ ਰਾਜਤੰਤਰ ਰਿਹਾ ਹੈ। ਇਸ ਵਿਚ ਲੋਕਾਂ ਦਾ ਲਹੂ ਪੀਣ ਤੇ ਫਿਰ ਡਕਾਰ ਵੀ ਨਾ ਮਾਰਨ ਦੀਆਂ ਅਤੀ ਮਾੜੀਆਂ ਪਰੰਪਰਾਵਾਂ ਰਹੀਆਂ ਹਨ। ਇਹ ਰਾਜ-ਸੱਤਾ ਦੇ ਘੋਰ ਕਾਲੇ ਅੰਨ੍ਹੇ ਦੌਰ ਰਹੇ ਹਨ ਜਦ ਸੱਤਾ-ਧਾਰੀ ਆਪਣੇ ਨੱਕ ਤੋਂ ਵੀ ਅੱਗੇ ਵੇਖ ਸਕਣੋਂ ਅਸਮਰੱਥ ਰਹੇ। ਜੇ ਉਨ੍ਹਾਂ ਕੁਝ ਵੇਖਿਆ ਤਾਂ ਆਪਣਾ ਹਰਮ ਵੇਖਿਆ। ਜੇ ਉਸ ਵਿਚ ਕੋਈ ਕਮੀ ਆਈ ਤਾਂ ਸਮਾਜਕ ਫੁਲਵਾੜੀ ਵਿਚੋਂ ਜਿਸ ਵੀ ਫੁੱਲ 'ਤੇ ਮਨ ਆਇਆ ਉਸ ਨੂੰ ਧੂਹ ਭੂਰ ਕੇ ਜਬਰ ਜੋਰੀ ਧੱਕੇ ਨਾਲ ਆਪਣੇ ਹਰਮ ਦਾ ਸ਼ਿੰਗਾਰ ਬਣਾਉਣ ਦੇ ਕਾਲੇ ਕਾਰਿਆਂ ਨੂੰ ਕਰ ਵਿਖਾਇਆ। ਬਾਕੀ ਰਾਜ ਪ੍ਰਬੰਧ ਤੇ ਅਖੌਤੀ ਲੋਕ-ਭਲਾਈ ਦੇ ਕਾਰਜ-ਕਰਮ ਉਨ੍ਹਾਂ ਦੇ ਕੁਝ ਅਮੀਰਾਂ-ਵਜ਼ੀਰਾਂ ਦੇ ਰਹਿਮ 'ਤੇ ਆਸ਼ਰਤ ਰਹੇ ਤੇ ਉਹ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਅਤੇ ਆਪਣੇ ਕਾਲੇ ਕਾਰਿਆਂ ਨੂੰ ਲੁਕਾਉਣ ਲਈ। ਉਹ ਆਪ ਅੰਨ੍ਹੀਆਂ ਰੰਗ-ਰਲੀਆਂ ਵਿਚ ਗਲਤਾਨ ਰਹੇ।

ਮੁਗਲਈ ਰਾਜਸ਼ਾਹੀ ਦਾ ਅਰੰਭ ਭਾਰਤ ਦੇਸ਼ ਵਿਚ ਬਾਬਰ ਨਾਲ ਹੁੰਦਾ ਹੈ ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ '**ਪਾਪ ਕੀ ਜੰਞ**' ਦਾ ਨਾਮ ਦੇਂਦਿਆਂ '**ਜੋਰੀ ਮੰਗੈ ਦਾਨੁ ਵੇ ਲਾਲੋ**' ਦੇ ਫੁਰਮਾਣ ਨਾਲ ਉਸ ਦੇ ਮਾੜੇ ਕਿਰਦਾਰ ਨੂੰ ਨੰਗਿਆਂ ਕੀਤਾ ਹੈ। ਪਹਿਲੇ ਕੁਝ ਮੁਗ਼ਲ ਰਾਜੇ ਆਪਣੇ ਰਾਜ ਦੀ ਸਥਾਪਤੀ ਤੇ ਵਡੇਰੇ ਫੈਲਾਓ ਦੇ ਵਲ-ਚੱਕਰ ਵਿਚ ਘੁੰਮਦੇ ਹੋਏ ਇਸੇ ਵਿਚ ਰੁੱਝੇ ਰਹੇ। ਉਨ੍ਹਾਂ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਹਰ ਪ੍ਰਕਾਰ ਦੇ ਜਾਇਜ਼-ਨਜਾਇਜ਼ ਹਰਬਿਆਂ ਦੀ ਵਰਤੋਂ ਕੀਤੀ। ਔਰੰਗਜ਼ੇਬ ਤੱਕ ਆਉਂਦਿਆਂ ਇਹ ਰਾਜ ਸਥਾਪਤ ਹੋ ਕੇ, ਉਸ ਦੀਆਂ ਮਾੜੀਆਂ ਨੀਤੀਆਂ ਕਾਰਨ ਫਿਰ ਢਹਿੰਦੀ ਕਲਾ ਵੱਲ ਜਾ ਚੁੱਕਾ ਸੀ ਤੇ ਦਿੱਲੀ ਦੇ ਤਖ਼ਤ ਵਿਰੁੱਧ ਬਗਾਵਤਾਂ ਦਾ ਹੋਣਾ ਕੋਈ ਨਵੀਂ ਗੱਲ ਨਹੀਂ ਰਹੀ ਸੀ। ਉਸ ਨੂੰ ਲੰਮਾ ਸਮਾਂ ਇਨ੍ਹਾਂ ਬਗਾਵਤਾਂ ਨੂੰ ਦਬਾਉਣ ਵਿਚ ਲਗਾਉਣਾ ਪਿਆ। ਇਸੇ ਕਾਰਨ ਉਹ ਰਾਜਤੰਤਰ ਦੇ ਹੋਰਾ ਕੰਮਾਂ ਵੱਲ ਧਿਆਨ ਹੀ ਨਾ ਦੇ ਸਕਿਆ ਅਤੇ ਪੰਜਾਬ ਵਿਚ ਉਸ ਸਮੇਂ ਦੇ ਸਥਾਨਕ ਹਾਕਮ ਸੂਬੇਦਾਰ ਆਪਣੀਆਂ ਮਨਮਾਨੀਆਂ ਲਈ ਅਜ਼ਾਦ ਹੋ ਗਏ। ਇਹ ਅਜ਼ਾਦੀ ਇਸ ਪ੍ਰਕਾਰ ਬਿਨਾਂ ਕੁੰਡੇ ਦੇ ਸੀ ਕਿ ਸਰਹੰਦ ਵਿਚ ਸੂਬੇ ਦੀਆਂ ਹੁਕਮਾਂ ਨਾਲ ਦੋ ਮਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਣਾ ਦਿੱਤਾ ਗਿਆ। ਇਸ ਪ੍ਰਕਾਰ ਦੇ ਦਿਨ-ਦਿਹਾੜੇ ਹੋਏ ਲਹੂ-ਡੋਲ੍ਹਵੇਂ ਜ਼ੁਲਮ ਹੋਰ ਆਮ ਲੋਕਾਂ ਤਾਂ ਕੀ, ਰਾਜਸ਼ਾਹੀ ਦੀ ਆਪਣੀ ਕੌਮ ਦੇ ਲੋਕ ਵੀ ਅਥਵਾ ਸਹੀ ਸੋਚ ਵਾਲੇ ਮੁਸਲਮਾਨ ਵੀ ਇਸ ਜ਼ੁਲਮ ਨੂੰ ਠੀਕ ਨਾ ਕਹਿ ਸਕੇ। ਹਕੀਮ ਅੱਲਾ ਯਾਰ ਖਾਂ ਜੋਗੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਾਵਿਬਧ ਕਰਨਾ ਇਸ ਦੀਆਂ ਉੱਘੜਵੀਆਂ ਮਿਸਾਲਾਂ ਵਿਚੋਂ ਇਕ ਹੈ। ਨਵਾਬ ਮਲੇਰਕੋਟਲਾ ਵੀ ਉਸ ਵੇਲੇ ਠੀਕ ਸੋਚ ਨੂੰ ਅੰਗੀਕਾਰ ਕਰਦਿਆਂ ਹਾਅ ਦਾ ਨਾਹਰਾ ਮਾਰਨੋਂ ਨਾ ਰਹਿ ਸਕਿਆ।

ਦਸਮ ਪਾਤਸ਼ਾਹ ਇਕ ਸੋਚ-ਸਾਗਰ ਤੇ ਅਥਾਹ ਗਿਆਨਵਾਨ ਫਲਸਫੀ ਵਿਦਵਾਨ ਸਨ। ਉਨ੍ਹਾਂ ਅਨੁਸਾਰ ਇਹ ਗਲਤੀ ਤੇ ਹੋਰ ਅਨੇਕ ਗਲਤੀਆਂ ਏਕਾਧਿਕਾਰੀ ਤਾਨਾਸ਼ਾਹੀ ਪ੍ਰਬੰਧ ਦੀਆਂ ਅਤੀ ਮਾੜੀਆਂ ਹਰਕਤਾਂ ਸਨ। ਇਕ ਵਿਦਵਾਨ ਇਨ੍ਹਾਂ ਕਾਰਿਆਂ ਕਾਲਖਾਂ ਨੂੰ ਸਦਾ ਲਈ ਮੇਟ ਦੇਣ ਲਈ ਆਪਣੀਆਂ ਸਮੂੰਹ ਸੋਚਾਂ ਸਮੇਤ ਕਾਰਜ਼ਸ਼ੀਲ ਹੁੰਦਿਆਂ ਇਕ ਗਲਤ ਸੱਤਾ-ਕੇਂਦਰ ਨੂੰ ਸਦਾ ਲਈ ਢਾਹੁਣ ਹਿੱਤ, ਇਸ ਦੀ ਥਾਂ ਪੰਚ-ਪ੍ਰਧਾਨੀ ਸੰਗਤੀ ਸੋਚ, ਰਲ ਕੇ ਤੁਰਨ ਵਾਲੇ, ਚੰਗਾ ਮਾੜਾ, ਉੱਚਾ ਨੀਵਾਂ ਸਭ ਕੁਝ ਵਿਚਾਰ ਸਮਝ ਕੇ, ਪੰਜ ਸੁਲਝੇ ਦਿਮਾਗਾਂ ਦੀਆਂ ਰੋਸ਼ਨ-ਸੋਚਾਂ ਨਾਲ ਰਲ ਕੇ ਫ਼ੈਸਲੇ ਲੈਣ। ਉਨ੍ਹਾਂ ਨੂੰ ਨਿਭਾਉਣ ਅਥਵਾ ਉਨ੍ਹਾਂ ਦੇ ਸਿੱਟਿਆਂ ਨੂੰ ਰਲ ਕੇ ਸਿਰ ਝੱਲਣ ਲਈ ਤਨੋ-ਮਨੋ-ਧਨੋ ਕ੍ਰਿਤ-ਸੰਕਲਪ ਸੰਗਠਤ ਕੁਰਬਾਨੀ-ਪੁੰਜ ਸੂਰਬੀਰਾਂ ਨੂੰ ਅੱਗੇ ਲਿਆ ਹਰ ਹਾਲਤਾ ਵਿਚ ਕਾਰਜ ਕਰਨ, ਅੱਗੇ ਵਧਣ ਦੀ ਥਾਪਣਾ ਦੇ ਦਿੱਤੀ। ਨਿਸ਼ਚੇ ਹੀ ਇਹ ਪੰਜ ਰੋਸ਼ਨ ਕੁਰਬਾਨੀ ਕਰਤੇ ਇਕ ਵਿਚਾਰ ਆਧਾਰਤ ਜੁਜ਼ਬੰਦੀ ਵਿਚ ਜੁੜੇ ਤੇ ਜੁੜ ਕੇ ਕਾਰਜ ਕਰਦੇ ਦਸਮ ਪਾਤਸ਼ਾਹ ਦਾ ਯੁੱਗਾਂ-ਯੁੱਗਾਂ ਤੱਕ ਚੱਲਦਾ ਰਹਿਣ ਵਾਲਾ ਫਲਸਫੀ ਫ਼ੈਸਲਾ ਸੀ। ਇਉਂ ਦਸਮ ਪਿਤਾ ਨੇ ਆਪਣੀ ਬੁਲੰਦ ਸੋਚ ਕਾਰਜਸ਼ੀਲਤਾ ਕਰਦਿਆਂ ਤੇ ਤਾਨਾਸ਼ਾਹੀ ਨੂੰ ਵਿਚਾਰ ਧਰਾਤਲ ਤੇ ਫਿਰ ਕਰਮ ਧਰਾਤਲ 'ਤੇ ਅਤੇ ਸਦਾ ਸਦਾ ਲਈ ਖ਼ਤਮ ਕਰ ਵਿਖਾਇਆ।

ਦਸਮ ਪਾਤਸ਼ਾਹ ਨੂੰ ਫਲਸਫੀ-ਨਾਇਕ ਪ੍ਰਤਿਸ਼ਟਤ ਕਰਨ ਵਾਲਾ ਉਨ੍ਹਾਂ ਦਾ ਵਡ-ਦਰਸ਼ਨੀ ਫ਼ੈਸਲਾ, ਗੁਰੂ-ਗ੍ਰੰਥ ਅਤੇ ਗੁਰੂ-ਪੰਥ ਨੂੰ ਗੁਰਿਆਈ ਦੇਣ ਦਾ ਹੈ। ਗਹੁ ਨਾਲ ਵਿਚਾਰ ਕਰਦਿਆਂ ਅਸੀਂ ਆਪਣੇ ਅੱਜ ਦੇ ਚਾਰ-ਚੁਫੇਰੇ ਵਿਚਰਦੇ ਦੇਹਧਾਰੀ ਗੁਰੂਆਂ, ਉਨ੍ਹਾਂ ਦੇ ਗੱਦੀਨਸ਼ੀਨਾਂ ਦੀਆਂ ਕ੍ਰਿਆ-ਕਲਾਪਾਂ ਨੂੰ ਧਿਆਨ ਵਿਚ ਲਿਆ ਕੇ, ਉਨ੍ਹਾਂ ਦੀਆਂ ਵੱਡ-ਵਡੇਰੀਆਂ ਮਿਲਖ-ਜਗੀਰਾਂ, ਕਈ-ਕਈ ਕਾਰਾਂ, ਉਨ੍ਹਾਂ ਦੇ ਵਾਤਾਨੁਕੂਲ ਭਵਨਾਂ ਤੇ ਆਚਰਣਕ ਗਿਰਾਵਟਾਂ ਨੂੰ ਵੇਖ ਸਮਝ ਸਕਦੇ ਹਾਂ ਕਿ ਮਨੁੱਖ ਦਾ ਕਿਸੇ ਨਾ ਕਿਸੇ ਜੀਵਨ ਮੋੜ 'ਤੇ ਡੋਲ ਜਾਣਾ ਸਦਾ ਸਦਾ ਹੀ ਸੰਭਵ ਰਹਿੰਦਾ ਹੈ। ਸੇਵਾ-ਸਾਧਨਾ ਅਧਿਐਨ ਤੇ ਤਪ-ਤੇਜ ਦੀਆਂ ਵਡਿਆਈਆਂ ਤੋਂ ਵਿਰਵੇ ਸੱਭੇ ਗੱਦੀਧਾਰੀ ਮਨੁੱਖੀ-ਦੋਸ਼ਾਂ ਲੋਭ, ਮੋਹ, ਹੰਕਾਰ ਤੇ ਸਭ ਤੋਂ ਵਧੇਰੇ ਘਾਤਕ ਕਾਮ-ਬਿਰਤੀ ਤੋਂ ਉੱਪਰ ਉਠਦੇ ਨਹੀਂ ਵੇਖੇ ਜਾ ਸਕਦੇ।

ਇਸ ਤੋਂ ਬਿਨਾਂ ਗੱਦੀਆਂ ਦੀ ਪ੍ਰਾਪਤੀ ਲਈ ਜੋ ਜੋੜ-ਤੋੜ ਚਲਦੇ ਰਹਿੰਦੇ ਹਨ ਜਦ ਇਹ ਜੋੜ-ਤੋੜ ਸਫ਼ਲ ਨਹੀਂ ਹੁੰਦੇ ਤਾਂ ਇਹ ਮਾਰ-ਕਾਟ ਵਿਚ ਵੀ ਬਦਲਦੇ ਵੇਖੇ ਜਾਂਦੇ ਹਨ। ਇਸ ਸਭ ਨੂੰ ਦਸਮ ਪਾਤਸ਼ਾਹ, ਇਨ੍ਹਾਂ ਦੇ ਸਭ ਵਰਤਾਰਿਆਂ ਨੂੰ ਇਨ੍ਹਾਂ ਦੇ ਮਾਰੂ ਨੁਕਸਾਨਾਂ ਨੂੰ ਪੂਰੀ ਤਰ੍ਹਾਂ ਜਾਣਦੇ ਹੋਏ ਇਸ ਨੂੰ ਬਦਲਦਿਆਂ ਨਵਾਂ-ਨਵੇਲਾ ਰੂਪ ਦੇਣ ਲਈ ਸੋਚ-ਸੰਪੰਨ ਹੋਏ। ਉਨ੍ਹਾਂ ਨੇ ਇਕ ਗੁਰ-ਗੱਦੀ ਦੀਆਂ ਬਾਈ ਮੰਜੀਆਂ ਵੀ ਬਣਦੀਆਂ ਪਾਈਆਂ ਸਨ ਤੇ ਮਸੰਦਾਂ ਦੀ ਮਾੜੀ ਪਰੰਪਰਾ ਦੇ ਵੀ ਉਹ ਭਲੀ-ਭਾਂਤ ਜਾਣਕਾਰ ਸਨ। ਇਉਂ ਹੀ ਗੁਰੂ-ਕੁਲਾਂ ਵਿਚ ਗੱਦੀ ਨਾ ਮਿਲਣ 'ਤੇ ਜੋ ਕਾਰਗੁਜ਼ਾਰੀਆਂ ਲੰਮੇ ਸਮਿਆਂ ਤੱਕ ਗੱਦੀ ਨਾ ਮਿਲਣ ਵਾਲਿਆਂ ਵੱਲੋਂ ਜਾਰੀ ਰਹੀਆਂ ਅਥਵਾ ਮੀਣੇ, ਧੀਰਮੱਲੀਏ ਉਨ੍ਹਾਂ ਨੂੰ ਵਿਸਰੇ ਹੋਏ ਨਹੀਂ ਸਨ।

ਇਸ ਤੋਂ ਵਧੇਰੇ ਸ਼ਬਦ-ਗੁਰੂ ਅਤੇ ਵਿਚਾਰ-ਗੁਰਦੇਵ ਦੇ ਵਡੇਰੇ ਪਾਵਨ

ਪਵਿੱਤਰ ਸੁਰਜੀ ਸੰਕਲਪ ਦੀ ਸਥਾਪਨਾ ਕਰ ਦੇਣਾ ਉਨ੍ਹਾਂ ਦਾ ਮਹਾਨਤਮ ਫਲਸਫੀ ਕਰਮ ਸੀ ਜਿਸ ਵਿਚ ਸ਼ਬਦ-ਗੁਰੂ ਸਰਬ ਸਮਰੱਥ ਗੁਰੂ ਦੇ ਹਰ ਪ੍ਰਕਾਰ ਦੇ ਅਥਾਹ ਅਸੀਮ ਗੁਣ ਤੇ ਵਡਿਆਈਆਂ ਸ਼ਾਮਲ ਸਨ ਤੇ ਦੇਹਧਾਰੀ ਗੁਰੂਆਂ ਵਾਲੀਆਂ ਹਰ ਪ੍ਰਕਾਰ ਦੀਆਂ ਖਾਮੀਆਂ ਇਸ ਵਿਚੋਂ ਆਪਣੇ ਆਪ ਹੀ ਖਾਰਜ ਹੋ ਜਾਂਦੀਆਂ ਹਨ। ਦਸਮ ਪਾਤਸ਼ਾਹ ਦਾ ਇਹ ਫ਼ੈਸਲਾ ਹੈ ਜਿਸ ਦੁਆਰਾ ਸ਼ਬਦ-ਵਿਚਾਰ ਵਿਧਾਨ ਤੇ ਚਿੰਤਨ ਪਰਵਾਨ ਧਾਰਾ ਨੂੰ ਸਹੀ ਉਚਿਤ ਨਿਰਮਾਣ ਤੇ ਸਥਾਪਨਾ ਮਾਣ ਮਿਲਿਆ ਜਿਸ ਨੇ ਕੁੱਲ ਆਲਮ ਵਿਚ ਇਕ ਵਿਸ਼ੇਸ਼ ਗੁਣ-ਨਿਰਮਤ ਗੁਰ-ਪੱਧਤੀ ਨੂੰ ਸਾਖੀ ਸਾਰਥਕ ਕਰ ਵਿਖਾਇਆ, ਵਿਦਮਾਨ ਕਰ ਸਜਾਇਆ।

ਇਸ ਦੇ ਨਾਲ-ਨਾਲ ਇਥੇ ਕਈ ਕੁਝ ਅਜਿਹਾ ਵੀ ਰਿਹਾ ਹੈ ਜਿਹੜਾ ਹੋਰ ਪਰੰਪਰਾਈ ਭਾਰਤੀ ਧਾਰਮਕ ਪਰਿਪਾਟੀਆਂ ਵਿਚ ਨਹੀਂ ਮਿਲਦਾ। ਦਸਮ-ਪਾਤਸ਼ਾਹ ਇਸ ਦਿਸ਼ਾ ਵਿਚ ਬਹੁਤ ਅਗੇਰੇ ਨਿਕਲ ਗਏ ਜਦੋਂ ਆਪਣੇ ਆਪ ਨੂੰ ਆਪਣੇ ਚੇਲਿਆਂ ਸ਼ਿਸ਼ਾਂ ਅਰਥਾਤ ਪੰਜ ਪਿਆਰਿਆਂ ਦੇ ਸਨਮੁੱਖ ਆਜਿਜ਼ੀ ਨਾਲ ਸਮਰਪਤ ਕਰ ਕੇ ਉਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗ ਕੇ ਲਈ ਅਤੇ ਆਪ ਸਾਹਿਬ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਸਜ ਗਏ। ਉਨ੍ਹਾਂ ਦਾ ਇਹ ਮਹਾਨ ਇਨਕਲਾਬੀ ਨਿਰਣਾ ਜਿਸ ਨੇ ਗੁਰੂ ਚੇਲੇ ਦੇ ਤਵਾਰੀਖੀ ਰੁਝਾਨ ਨੂੰ ਚੇਲੇ ਦੇ ਗੁਰੂ ਰੂਪ ਹੋਣ ਨਾਲ ਸਸ਼ੋਭਤ ਕਰ ਦਿੱਤਾ।

ਜਦੋਂ ਇਸ ਅਜੋਕੇ ਦੌਰ ਵੱਲ ਸਾਡਾ ਧਿਆਨ ਜਾਂਦਾ ਹੈ ਜਿਥੇ ਅਸੀਂ ਅਨੇਕ ਗੁਰੂਆਂ ਨੂੰ ਆਪਣੇ ਅਣਗਿਣਤ ਚੇਲਿਆਂ ਕੋਲੋਂ ਮੱਥੇ ਟਿਕਾਉਂਦੇ, ਮੱਥੇ ਰਗੜਾਉਂਦੇ ਵੇਖਦੇ ਹਾਂ ਤੇ ਪੈਰਾਂ ਹੇਠ ਹੱਥ ਧਰਾਉਂਦੇ ਵੇਖਦੇ ਹਾਂ ਤਾਂ ਇਕ ਵਾਰ ਬੜੀ ਸ਼ਿੱਦਤ ਨਾਲ ਸਾਨੂੰ ਇਹ ਪ੍ਰਤੀਤ ਹੋਣ ਲੱਗਦਾ ਹੈ ਕਿ ਸਾਡੇ ਮਹਾਂ ਚਿੰਤਕ ਗੁਰੂ ਸਾਹਿਬ ਜੀ ਨੇ ਆਪਣੇ ਆਪ ਨੂੰ ਆਪਣੇ ਹੀ ਚੇਲਿਆਂ ਦੇ ਅੱਗੇ ਅਰਪਤ ਕਰ ਕੇ, ਖਲ੍ਹਿਆਰ ਕੇ ਜਿਵੇਂ ਗੁਰੂ-ਪਰੰਪਰਾ ਨੂੰ ਪੁੱਠਾ ਗੇੜਾ ਦੇ ਦਿੱਤਾ ਹੋਵੇ! ਪਰ ਇਹ ਇਸ ਦੀ ਇਕ ਪੱਖੀ ਵਿਆਖਿਆ ਹੈ ਜੋ ਕਈ ਵਾਰ ਕੁਝ ਸਤਹੀ ਤੇ ਸਰਸਰੀ ਭਾਂਤ ਦੀ ਵਿਆਖਿਆ ਲੱਗਦੀ ਹੈ ਅਤੇ ਇਸ ਦੇ ਅਗਲੇ ਅਰਥ ਇਸ ਨਾਲੋਂ ਕਿਤੇ ਵਧੇਰੇ ਗੂਹੜੇ, ਗੰਭੀਰ ਤੇ ਵਿਸ਼ਾਲ ਹਨ। ਉਨ੍ਹਾਂ ਨੇ ਵੀ ਆਪਣੇ ਦੌਰ ਵਿਚ ਕਈ ਪਾਖੰਡੀ ਕਰਮਕਾਂਡੀ ਸੇਵਾਵਾਂ ਮੰਗਦੇ ਗੁਰੂ ਵੇਖੇ ਹੋਣਗੇ। ਇਉਂ ਮਹਾਂ ਚਿੰਤਕ ਦਸਮ ਪਾਤਸ਼ਾਹ ਨੇ ਅਜਿਹੇ ਗੁਰੂਆਂ ਦੀ ਨਿਰੰਕੁਸ਼ਤਾ, ਗਲਤ ਪ੍ਰਕਾਰਾਂ ਦੀਆਂ ਪੂਜਾਵਾਂ ਅਰਚਨਾਵਾਂ ਤੇ ਮੰਗਾਂ ਨੂੰ ਵਡੇਰਾ ਡੱਕਾ ਲਾ ਦਿੱਤਾ ਕਿ ਗੁਰੂ ਬੇਸ਼ਕ ਆਪਣੇ ਸ਼ਿਸ਼ਾਂ ਦਾ ਘਾੜਾ ਹੈ, ਸਿਰਜਕ ਹੈ ਪਰ ਜਦੋਂ ਉਹ ਆਪਣੇ ਅਸਲ ਜਲੌ ਵਿਚ ਆ ਜਾਂਦੇ ਹਨ ਤਾਂ ਉਨ੍ਹਾਂ ਦੀ ਪੰਚਾਇਤ ਸਰਬ ਅਧਿਕਾਰ ਸੰਪੰਨ ਹੋ ਜਾਂਦੀ ਹੈ ਉਨ੍ਹਾਂ ਦੀ ਹਸਤੀ ਸੁਤੰਤਰ ਹੋ ਜਾਂਦੀ ਹੈ ਤੇ ਸਰਬ ਸ਼ਕਤੀ ਸੰਪੂਰਨ ਹੋ ਜਾਂਦੀ ਹੈ। ਜਦੋਂ ਉਹ ਇਕ ਨਾ ਹੋ ਕੇ ਪੰਜ ਕੁਰਬਾਨੀ ਪੁੰਜ ਹੋਣ ਤਾਂ ਫਿਰ ਕਿਸੇ ਸ਼ੱਕ ਦੀ ਗੁੰਜਾਇਸ਼ ਹੀ ਕਿਥੇ ਬਚਦੀ ਹੈ? ਹੋਰ ਲੋਕ ਤਾਂ ਕੀ ਉਨ੍ਹਾਂ ਦਾ ਸਿਰਜਕ ਬਾਪ ਵੀ ਉਨ੍ਹਾਂ ਤੋਂ ਉੱਪਰ ਨਹੀਂ ਰਹਿ ਜਾਂਦਾ।

ਇਸੇ ਵਿਚਾਰ-ਵੱਥ ਨੂੰ ਅੱਗੇ ਤੋਰਦਿਆਂ ਅਸੀਂ ਵੇਖਦੇ ਹਾਂ ਕਿ ਲੋਕ ਹਰ ਸਮੇਂ ਵਿਚ ਆਪਣੀ ਸੰਤਾਨ ਨੂੰ ਬਹੁਤ ਮੋਹ-ਪਿਆਰ ਕਰਦੇ ਹਨ। ਉਸ ਲਈ ਜ਼ਮੀਨ ਅਸਮਾਨ ਇਕ ਕਰਦੇ ਹੋਏ, ਸਭ ਕੁਝ ਦਾਅ 'ਤੇ ਲਾਉਂਦਿਆਂ ਉਮਰਾਂ ਤੱਕ ਉਸ ਦੇ ਲੇਖੇ ਲਾ ਦੇਂਦੇ ਹਨ। ਪਰ ਯੁੱਗ-ਪੁਰਸ਼ ਗੁਰੂ ਗੋਬਿੰਦ ਸਿੰਘ ਜੀ ਇਕ ਪ੍ਰਕਾਰ ਦੇ ਪਿਤਾ ਹਨ ਜੋ ਲਾਲਾਂ ਨੂੰ ਆਪ ਤਿਆਰ ਕਰ ਕੇ ਸ਼ਹਾਦਤ ਲਈ ਤੋਰ ਦੇਂਦੇ ਹਨ। ਇਹ ਜੱਗੋਂ ਬਾਹਰਾ ਤੇ ਲੋਕ-ਰੀਤ ਤੋਂ ਵੱਖਰੀ ਭਾਂਤ ਦਾ ਕਰਮ ਹੈ ਜਿਹਨੂੰ ਮਹਾਂ ਚਿੰਤਕ ਗੁਰੂ ਗੋਬਿੰਦ ਸਿੰਘ ਜੀ ਹੀ ਕਰ ਕੇ ਵਿਖਾ ਸਕਦੇ ਸਨ। ਇਹ ਮਹਾਨ ਕਾਰਨਾਮੇ ਮਰਦ ਅਗੰਮੜੇ, ਗੁਰੂ ਗੋਬਿੰਦ ਸਿੰਘ ਜੀ ਹੀ ਕਰ ਸਕਦੇ ਸਨ ਜਿਨ੍ਹਾਂ ਤੋਂ ਸਦ-ਸਦ ਬਲਿਹਾਰ ਹਾਂ, ਰੋਮ-ਰੋਮ, ਨਮੋ-ਨਮੋ ਨਮਸਕਾਰ ਹੈ।


# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਦਸੰਬਰ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ



ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ ਅਧੀਨ 81 ਹੁਸ਼ਿਆਰਪੁਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਕਮੇਟੀ ਵਲੋਂ ਗਰੁੱਪ-ਏ ਵਿਚ 26, ਗਰੁੱਪ-ਬੀ ਵਿਚ 29, ਗਰੁੱਪ-ਸੀ ਵਿਚ 20 ਅਤੇ ਗਰੁੱਪ-ਈ ਵਿਚ 6 ਵਿਦਿਆਰਥੀਆਂ ਨੂੰ ਚੁਣਿਆ ਗਿਆ ਹੈ। ਚੁਣੇ ਹੋਏ ਸਾਰੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਦੇ ਚੈੱਕ ਤਿਆਰ ਕਰ ਲਏ ਗਏ ਹਨ ਅਤੇ 01-01-2018 ਤੱਕ ਭੇਜ ਦਿੱਤੇ ਜਾਣਗੇ। ਕੁੱਲ 81 ਵਿਦਿਆਰਥੀਆਂ ਨੂੰ 4,18,500 ਰੁ: ਦੇ ਸਕਾਲਰਸ਼ਿਪ ਸੈਕਸ਼ਨ ਕੀਤੇ ਗਏ ਹਨ। ਇਸ ਤੋਂ ਇਲਾਵਾ ਜੋ ਵਿਦਿਆਰਥੀ ਸਕਾਲਰਸ਼ਿਪ ਸਕੀਮ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ, ਉਨ੍ਹਾਂ ਨੂੰ ਅਗਲੀ ਮੀਟਿੰਗ ਵਿਚ ਵਿਚਾਰਿਆ ਜਾ ਰਿਹਾ ਹੈ। ਕਮੇਟੀ ਦਾ ਵਿਚਾਰ ਹੈ, ਕਿ ਜੋ ਵਿਦਿਆਰਥੀ ਹੁਸ਼ਿਆਰ ਹਨ, ਪਰ ਉਨ੍ਹਾਂ ਦੇ ਮਾਤਾ ਜਾਂ ਪਿਤਾ ਨਹੀਂ ਹਨ ਅਤੇ ਆਮਦਨ ਦਾ ਹੋਰ ਵਸੀਲਾ ਨਹੀਂ ਹੈ, ਉਨ੍ਹਾਂ ਨੂੰ ਵੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

ਇਸ ਮਹੀਨੇ ਕਾਰਜਕਰਨੀ ਕਮੇਟੀ ਦੀ ਮੀਟਿੰਗ ਜਲੰਧਰ ਵਿਖੇ ਕੀਤੀ ਗਈ ਸੀ। ਇਸ ਮੀਟਿੰਗ ਵਿਚ ਕਾਫੀ ਗੰਭੀਰ ਮਸਲਿਆਂ ਤੇ ਵਿਚਾਰ ਕੀਤਾ ਗਿਆ, ਜੋ ਮੈਡੀਕਲ, ਵਿਦਿਆ ਅਤੇ ਸਮਾਜ ਸੁਧਾਰ ਨਾਲ ਸਬੰਧਤ ਸਨ। 50

ਤੋਂ ਵੀ ਵੱਧ ਮੈਂਬਰਾਂ ਅਤੇ ਕੁੱਝ ਹੋਰ ਪਤਵੰਤੇ ਸਜੱਣਾਂ ਨੇ ਇਸ ਮੀਟਿੰਗ ਵਿਚ ਭਾਗ ਲਿਆ। ਪ੍ਰਧਾਨ ਜੀ ਵਲੋਂ ਫਾਉਂਡੇਸ਼ਨ ਦੀਆਂ ਉਪਲਬਧੀਆਂ ਬਾਰੇ ਚਰਚਾ ਕਰਦਿਆਂ ਹੋਇਆ ਸਭ ਮੈਂਬਰਾਂ ਨੇ ਇਸ ਸੇਵਾ ਵਿਚ ਹਿੱਸਾ ਪਾਉਣ ਲਈ ਪ੍ਰੇਰਨਾ ਕੀਤੀ ਅਤੇ ਜਲੰਧਰ ਦੇ ਸਾਰੇ ਸਾਥੀਆਂ ਦਾ ਇਸ ਮੀਟਿੰਗ ਦਾ ਬਹੁਤ ਵਧੀਆ ਪ੍ਰਬੰਧ ਕਰਨ ਦਾ ਧੰਨਵਾਦ ਕੀਤਾ। ਇਸ ਮੀਟਿੰਗ ਵਿਚ ਕੋਚਿੰਗ ਸੈਂਟਰ ਬਾਰੇ ਕਾਫੀ ਚਰਚਾ ਹੋਈ ਅਤੇ ਫੈਸਲਾ ਲਿਆ ਗਿਆ ਕਿ ਬੇਗੋਵਾਲ ਕਾਲਜ ਵਿਚ ਕੋਚਿੰਗ ਸੈਂਟਰ ਸਥਾਪਤ ਕੀਤਾ ਜਾਏ। ਇਸ ਬਾਰੇ ਕਮੇਟੀ ਸਥਾਪਤ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਇਸ ਦਾ ਉਦਘਾਟਨ ਕਰ ਦਿੱਤਾ ਜਾਵੇਗਾ। ਸਮਾਜ ਸੁਧਾਰ ਬਾਰੇ ਵੀ ਕਮੇਟੀ ਬਣਾਈ ਜਾਵੇਗੀ। ਪ੍ਰਧਾਨ ਜੀ ਨੇ ਸਾਰੇ ਰੀਜ਼ਨਲ ਪ੍ਰਧਾਨਾਂ ਨੂੰ ਬੇਨਤੀ ਕੀਤੀ ਕਿ ਉਹ ਫਾਉਂਡੇਸ਼ਨ ਦੇ ਸਾਰੇ ਪ੍ਰੋਗਰਾਮਾਂ ਵਿਚ ਵੱਧ-ਚੜਕੇ ਹਿੱਸਾ ਲੈਣ ਅਤੇ ਕਾਮਯਾਬ ਕਰਨ।

ਸ਼੍ਰੀ ਗੁਰੂ ਗੋਬਿੰਦ ਸਿੰਘ ਦਸਮ ਪਾਤਸ਼ਾਹ ਦੇ ਗੁਰਪੁਰਬ ਦੇ ਸਬੰਧ ਵਿਚ ਨਗਰ ਕੀਰਤਨ ਜੋ ਚੰਡੀਗੜ੍ਹ ਦੀ ਗੁਰਪੁਰਬ ਕਮੇਟੀ ਵਲੋਂ ਆਯੋਜਿਤ ਕੀਤਾ ਗਿਆ ਸੀ। ਇਹ ਨਗਰ ਕੀਰਤਨ ਸੈਕਟਰ-30ਏ ਚੰਡੀਗੜ੍ਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਅੱਗੇ ਤੋਂ ਲੰਘਿਆ ਸੀ। ਭਵਨ ਵਲੋਂ ਨਗਰ ਕੀਰਤਨ ਦਾ ਸੁਆਗਤ ਕੀਤਾ ਗਿਆ। ਪੰਜ ਪਿਆਰਿਆਂ ਅਤੇ ਪ੍ਰਬੰਧਕਾਂ ਨੂੰ ਸਰੋਪੇ ਪਾ ਕੇ ਸਨਮਾਨਤ ਕੀਤਾ ਗਿਆ।

**ਮੈਡੀਕਲ ਕੈਂਪ ਬਾਰੇ**:-

ਦਸੰਬਰ ਦੇ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ 7 ਕੈਂਪ ਲਗਾਏ ਗਏ। ਜਿਸ ਦਾ ਵੇਰਵਾ ਇਸ ਤਰ੍ਹਾਂ ਹੈ :-

**ਲੜੀ ਨੰ**:-

| | | |
|---|---|---|
| 1. | ਗੁਰੂ ਘਰ ਸੰਤ ਪ੍ਰੇਮ ਸਿੰਘ ਕੰਪਲੈਕਸ | 35 |
| 2. | ਗੁਰੂ ਘਰ ਸੰਤ ਪ੍ਰੇਮ ਸਿੰਘ ਕੰਪਲੈਕਸ | 48 |
| 3. | ਮਕਸੂਦਾਂ | 52 |
| 4. | ਫੋਲੜੀਵਾਲ ਜਲੰਧਰ | 46 |
| 5. | ਧੀਨਾਂ ਜਲੰਧਰ | 42 |
| 6. | ਮੰਡ ਇਬਰਾਹੀਮਵਾਲ | 44 |
| 7. | ਸੁਰਾਨੁਸੀ ਜਲੰਧਰ | 42 |

**ਮੈਡੀਕਲ ਵਿੰਗ ਬਾਰੇ**:-

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਵਿਚ ਚੱਲ ਰਹੇ ਹਨ। ਦੰਸਬਰ ਮਹੀਨੇ ਵਿਚ ਵੇਰਵਾ ਇਸ ਤਰ੍ਹਾਂ ਹੈ:-

| | |
|---|---|
| 1. ਮੈਡੀਕਲ ਓ.ਪੀ.ਡੀ | 215 |
| 2. ਮੈਡੀਕਲ ਲੈਬ | 50 |

**ਨੋਟਿਸ** :- ਡੈਂਟਲ ਕਲੀਨਿਕ ਵਾਲੇ ਡਾਕਟਰ ਦੀ ਭਾਲ ਚੱਲ ਰਹੀ ਹੈ।

**ਜਗੀਰ ਸਿੰਘ ਲਾਲੀਆ ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਸੱਚਾ ਵਣਜ


'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਮੋਹਿ ਐਸੇ ਬਨਜ ਸਿਉ ਨਹੀਨ ਕਾਜੁ॥**
**ਜਿਹ ਘਟੈ ਮੂਲੁ ਨਿਤ ਬਢੈ ਬਿਆਜੁ॥**

**(ਬਸੰਤ ਕਬੀਰ ਜੀ, ਪੰਨਾ ੧੧੯੫)**

ਪੁਰਾਣੇ ਸਮੇਂ ਵਿਚ ਸ਼ਾਹੂਕਾਰਾਂ ਦਾ ਬੋਲਬਾਲਾ ਸੀ ਜਿਸ ਵਿਚ ਇਹ ਗੱਲ ਪ੍ਰਸਿੱਧ ਸੀ ਕਿ ਸ਼ਾਹ ਧੇਲੀ ਦੇ ਕੇ ਹਵੇਲੀ ਲੈ ਲੈਂਦੇ ਹਨ। ਉਨ੍ਹਾਂ ਦਾ ਵਿਆਜ ਵੀ ਵਧਦਾ ਸੀ ਪਰ ਮੂਲ ਉੱਥੇ ਹੀ ਖੜ੍ਹਾ ਰਹਿੰਦਾ ਸੀ। ਮੈਂ ਗੁਜਰਾਤ ਅਹਿਮਦਾਬਾਦ ਵਿਚ ਆਪ ਵੇਖਿਆ ਸੀ ਕਿ ਇਕ ਸੱਜਣ ਦਸ ਰੁਪਏ ਹਫ਼ਤੇ ਵਾਸਤੇ ਵਿਆਜ ਤੇ ਲੈ ਰਿਹਾ ਹੈ। ਢਾਈ ਰੁਪਏ ਹਫਤੇ ਦਾ ਵਿਆਜ ਸੀ। ਦੇਣ ਵਾਲੇ ਨੇ ਢਾਈ ਰੁਪਏ ਪਹਿਲੇ ਹੀ ਕੱਟ ਲਏ ਹਨ ਅਤੇ ਉਸਨੂੰ ਦਿੱਤੇ ਹੀ ਸਾਢੇ ਸੱਤ ਰੁਪਏ ਹਨ ਮੈਂ ਸੋਚ ਰਿਹਾ ਸਾਂ ਇਹ ਬੰਦਾ ਕਿਵੇਂ ਪੈਸੇ ਉਤਾਰੇਗਾ?



ਮੁਸਲਮਾਨਾਂ ਦੇ ਪੈਗੰਬਰ ਨੇ ਵੇਖਿਆ ਕਿ ਇਕ ਲੋੜਵੰਦ ਵਿਆਜ ਤੇ ਪੈਸੇ ਲੈਂਦਾ ਹੈ। ਜੇ ਸ਼ਾਹੂਕਾਰ ਦੀ ਹਮਦਰਦੀ ਨਹੀਂ ਤਾਂ ਪੈਸੇ ਲੈਣ ਵਾਲਾ ਸਦਾ ਲਈ ਦੱਬ ਜਾਵੇਗਾ। ਉਨ੍ਹਾਂ ਨੇ ਕਿਹਾ ਸੀ ਮੁਸਲਮਾਨ ਲੋੜਵੰਦ ਨੂੰ ਪੈਸੇ ਦੇਵੇ ਪਰ ਵਿਆਜ ਨਾ ਲਵੇ। ਇਤਿਹਾਸਕਾਰ ਕਹਿੰਦੇ ਹਨ, ਹਜ਼ਰਤ ਮੁਹੰਮਦ ਸਾਹਿਬ ਪਾਸ ਜੋ ਵੀ ਹੁੰਦਾ ਸੀ ਰਾਤ ਵੰਡ ਕੇ ਸੌਂਦੇ ਸਨ। ਜਿਸ ਦਿਨ ਜੀਵਨ ਦਾ ਆਖਰੀ ਦਿਨ ਸੀ, ਪਤਨੀ ਨੇ ਜਿਸਦਾ ਨਾ ਆਇਸ਼ਾਂ ਸੀ, ਉਸਨੇ ਪੰਜ ਦੀਨਾਰ ਮੰਜੇ ਦੇ ਬਿਸਤਰੇ ਥੱਲੇ ਲੁਕਾ ਕੇ ਰੱਖ ਲਏ ਸਨ। ਮੁਹੰਮਦ ਸਾਹਿਬ ਨੇ ਕਿਹਾ ਸੀ, ਆਇਸ਼ਾ ਅੱਜ ਮੈਨੂੰ ਤਕਲੀਫ ਹੋ ਰਹੀ ਹੈ, ਤੂੰ ਕੁਝ ਬਚਾ ਕੇ ਤਾਂ ਨਹੀਂ ਰੱਖਿਆ। ਆਇਸ਼ਾਂ ਨੇ ਕਿਹਾ, ਹਾਂ! ਮੈਂ ਔਖੇ ਸਮੇਂ ਲਈ ਪੰਜ ਦੀਨਾਰ ਬਚਾ ਕੇ ਰੱਖੇ ਹਨ। ਮੁਹੰਮਦ ਸਾਹਿਬ ਨੇ ਕਿਹਾ ਸੀ, ਔਖਾ ਸਮਾਂ ਮੁਕ ਗਿਆ ਹੈ। ਮੈਂ ਜਾ ਰਿਹਾ ਹਾਂ ਮੌਤ ਤੋਂ ਔਖਾ ਸਮਾਂ ਹੋਰ ਕੋਈ ਨਹੀਂ। ਤੂੰ ਇਹ ਦੀਨਾਰ ਕਿਸੇ ਲੋੜਵੰਦ ਨੂੰ ਦੇ ਕੇ ਆ, ਤਾਂਕਿ ਮੈਂ ਸੌਖਾ ਮਰ ਸਕਾਂ। ਖ਼ੁਦਾ ਨੂੰ ਕਹਿ ਸਕਾਂ ਕਿ ਅੰਤਮ ਰਾਤ ਵੀ ਤੇਰੇ ਭਰੋਸੇ 'ਤੇ ਕੱਟੀ ਹੈ। ਦੀਨਾਰਾਂ ਦੇ ਭਰੋਸੇ ਨਹੀਂ। ਇਸੇ ਜੀਵਨ ਪ੍ਰਣ ਦੀ ਬਰਕਤ ਨਾਲ ਸੱਚੇ ਮੁਸਲਮਾਨਾਂ ਨੇ ਹਜ਼ਰਤ ਸਾਹਿਬ ਦਾ ਇਹ ਬਚਨ ਮੰਨਿਆ ਸੀ ਕਿ ਵਿਆਜ਼ ਨਹੀਂ ਲੈਣਾ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ

**ਮੁਸਲਮਾਨਾਂ ਸੂਅਰਹੁ ਸੁਗੰਧ ਵਿਆਜ।**

ਮੁਸਲਮਾਨਾਂ ਨੂੰ ਦੋ ਸੁਗੰਧਾਂ ਹਨ ਕਿ ਇਕ ਸੂਰ ਨਹੀਂ ਖਾਣਾ, ਦੂਸਰਾ ਵਿਆਜ ਨਹੀਂ ਖਾਣਾ।

ਵਿਆਜ ਲੈਣ ਵਾਲਾ ਬੰਦਾ ਕਈ ਵਾਰ ਏਨਾ ਕਠੋਰ ਹੋ ਜਾਂਦਾ ਸੀ ਕਿ ਉਸ ਦੇ ਮਨ ਵਿਚ ਹਮਦਰਦੀ ਤਾਂ ਕਿਤੇ ਖੰਭ ਲਾ ਕੇ ਉੱਡ ਜਾਂਦੀ ਸੀ। ਬੇਸ਼ਕ ਕਿਸੇ ਗਰੀਬ ਦੇ ਬੱਚੇ ਰੋ ਰਹੇ ਹਨ, ਕੋਈ ਵਿਧਵਾ ਰੋ ਰਹੀ ਹੈ। ਉਸ ਨੇ ਸਾਮਾਨ ਚੁੱਕ ਕੇ ਬਾਹਰ ਸੁੱਟਣਾ ਹੀ ਹੈ ਅਤੇ ਮਕਾਨ 'ਤੇ ਕਬਜ਼ਾ ਕਰਨਾ ਹੀ ਹੈ।

ਭਾਈ ਗੁਰਦਾਸ ਨੇ ਇਸੇ ਕਰਕੇ ਕਿਹਾ ਸੀ, ਜੇ ਮਜਬੂਰੀ ਹੈ ਤੈਨੂੰ ਉਧਾਰ ਲੈਣਾ ਹੀ ਪੈਣਾ ਹੈ ਤਾਂ ਘੱਟੋ-ਘੱਟ ਏਨਾ ਵੇਖ ਲੈ ਸ਼ਾਹ ਕੋਈ ਧੀਰਜ ਵਾਲਾ ਲੱਭ। ਅਜਿਹਾ ਸ਼ਾਹ ਨਾ ਹੋਵੇ ਕਿ ਕੱਲ੍ਹ ਰਸਤੇ ਵਿਚ ਬਾਜ਼ਾਰ ਵਿਚ ਬੇਪਤੀ ਕਰ ਦੇਵੇ ਤੇ ਤੈਨੂੰ ਪਛਤਾਉਣਾ ਪਵੇ।

**ਹੋਛਾ ਸ਼ਾਹੁ ਨਾ ਕੀਚਈ ਫਿਰਿ ਪਛੋਤਾਈਐ।**

**(ਵਾਰ ੨੭ਵੀਂ ਪਉੜੀ ੧੫ਵੀਂ)**

ਮੈਂ ਇਕ ਅਜਿਹੀ ਘਟਨਾ ਸੁਣੀ ਹੈ ਕਿ ਇਕ ਗ਼ਰੀਬ ਕਿਸਾਨ ਨੇ ਪੰਜ ਸੌ ਰੁਪਏ ਦਾ ਸ਼ਾਹੂਕਾਰ ਪਾਸੋਂ ਕਰਜ਼ਾ ਲਿਆ। ਉਸਦਾ ਵਿਆਜ ਪੰਜ ਹਜ਼ਾਰ ਬਣ ਗਿਆ। ਇਕ ਰਹਿਮ ਦਿਲ ਵਕੀਲ ਪਾਸ ਉਹ ਕੁਰਲਾਇਆ ਕਿ ਮੈਨੂੰ ਬਚਾਉ। ਇਹ ਮੇਰੇ ਨਾਲ ਬੇਇਨਸਾਫੀ ਹੈ। ਪੰਜ ਸੌ ਮੂਲ ਤੇ ਪੰਜ ਹਜ਼ਾਰ ਵਿਆਜ। ਮੁਕੱਦਮਾ ਹਾਕਮ ਦੇ ਸਾਹਮਣੇ ਗਿਆ। ਵਕੀਲ ਨੇ ਕਿਹਾ, ਹਜ਼ੂਰ ਮੇਰਾ ਮੁਅੱਕਲ ਬੜਾ ਗ਼ਰੀਬ ਹੈ। ਸ਼ਾਹ ਸਾਹਿਬ ਜਾਂ ਤਾਂ ਇਸ ਨੂੰ ਮੂਲ ਛੱਡ ਦੇਣ ਤੇ ਜਾਂ ਵਿਆਜ ਛੱਡ ਦੇਵੇ। ਦੋਹਾਂ ਵਿਚੋਂ ਇਕ ਚੀਜ਼ ਛੱਡ ਦੇਣਾ। ਸ਼ਾਹ ਬੜਾ ਕੰਜੂਸ ਸੀ। ਫਿਰ ਵੀ ਬੜੀ ਫਰਾਖ਼ਦਿਲੀ ਦਾ ਸਬੂਤ ਦਿੰਦੇ ਹੋਏ ਕਹਿਣ ਲੱਗਾ, ਅੱਜ ਤਕ ਤਾਂ ਮੈਂ ਕਿਸੇ ਨੂੰ ਇਕ ਪੈਸਾ ਨਹੀਂ ਛੱਡਿਆ। ਕਿਉਂਕਿ ਜੇ ਮੈਂ ਅਜਿਹਾ ਕਰਾਂ ਤਾਂ ਮੇਰਾ ਸ਼ਾਹੂਕਾਰਾਂ ਕਿਵੇਂ ਚੱਲੇਗਾ? ਇਹ ਮੇਰੇ ਅਸੂਲ ਤੋਂ ਉਲਟ ਹੈ, ਪਰ ਫਿਰ ਵੀ ਮੈਂ ਤੁਹਾਡੇ ਕਹਿਣ 'ਤੇ ਇਸ ਨੂੰ ਛੋਟ ਦਿੰਦਾ ਹਾਂ ਵਿਆਜ਼ ਛੱਡਣਾ ਤਾਂ ਬੜੀ ਮੁਸ਼ਕਲ ਹੈ ਕਿਉਂਕਿ ਪੰਜ ਹਜ਼ਾਰ ਹੈ ਮੈਂ ਮੂਲ ਦੇ ਪੰਜ ਸੌ ਰੁਪਏ ਛੱਡ ਦਿੰਦਾ ਹਾਂ। ਹਾਕਮ ਸਮਝ ਗਿਆ। ਉਸ ਸਿਆਣੇ ਤੇ ਰਹਿਮ ਦਿਲ ਹਾਕਮ ਨੇ ਬੜੀ ਸੋਹਣੀ ਗੱਲ ਕਹੀ ਕਿ ਸ਼ਾਹ ਜੀ ਮੂਲ ਤੋਂ ਬਿਨਾਂ ਕਦੀ ਰੁੱਖ ਨਹੀਂ ਹੁੰਦਾ। ਜੇ ਜੜ੍ਹ ਕੱਟੀ ਗਈ ਤਾਂ ਰੁੱਖ ਨਾਲ ਹੀ ਗਿਆ। ਮੂਲ ਗਿਆ ਤਾਂ ਵਿਆਜ਼ ਵੀ ਗਿਆ। ਗੁਰਵਾਕ ਹੈ:

**ਮੂਲ ਬਿਨਾਂ ਸਾਖਾ ਕਤ ਆਹੇ॥**

ਕਬੀਰ ਸਾਹਿਬ ਕਹਿੰਦੇ ਹਨ ਸਾਡਾ ਮੂਲ ਸੀ ਗੁਣਾਂ ਦਾ ਤੇ ਵਿਆਜ ਸੀ ਪਾਪਾਂ ਦਾ। ਦਿਨ-ਬ-ਦਿਨ ਸਾਡੇ ਗੁਣ ਘਟਦੇ ਗਏ ਹਨ ਅਤੇ ਅਵਗੁਣ ਤੇ

ਪਾਪ ਵਧਦੇ ਜਾ ਰਹੇ ਹਨ। ਮੂਲ ਸ਼ਕਤੀ ਤਾਂ ਘਟਦੀ ਜਾ ਰਹੀ ਹੈ।

**ਚਰਨ ਸੀਸੁ ਕਰ ਕੰਪਨ ਲਾਗੈ ਨੈਨੀ ਨੀਰੁ ਅਸਾਰ ਬਹੈ।**

**ਜਿਹਵਾ ਬਚਨੁ ਸੁਧੁ ਨਹੀਂ ਨਿਕਸੈ ਤਬ ਰੇ ਧਰਮ ਕੀ ਆਸ ਕਰੇ।**

**(ਆਸਾ ਕਬੀਰ ਜੀ, ਪੰਨਾ ੪੭੯)**

ਗੁਰੂ ਨਾਨਕ ਦੇਵ ਦਾ ਬਚਨ ਹੈ

**ਜਿਤ ਚੇਤਸਿ ਕੀ ਨਹੀਂ ਬਾਵਰਿਆ,**

**ਹਰਿ ਬਿਸਰਤ ਤੇਰੇ ਗੁਣ ਗਲਿਆ।**

**(ਮਾਰੂ ਮ ੧ ਪੰਨਾ ੯੯੦)**

ਬੜੇ ਅਛੇ ਅਦੀਬ ਦਾਗ਼ ਕਹਿੰਦੇ ਹਨ :

**ਹੋਸ਼ੋ ਹਵਾਸ਼ ਤਾਬੋ ਦਾਗ਼, ਜਾ ਚੁਕੇ**

**ਅਬ ਹਮ ਭੀ ਜਾਨੇ ਵਾਲੇ ਹੈਂ ਸਾਮਾਨ ਤੋ ਗਯਾ।**

ਕਾਦਰ ਦਾ ਇਕ ਅਟੱਲ ਨਿਯਮ ਹੈ ਜਿਸ ਚੀਜ਼ ਦੀ ਚੜ੍ਹਦੀ ਕਲਾ ਹੋਣੀ ਹੋਵੇ, ਉਹ ਦਿਨ-ਬ-ਦਿਨ ਵਧਦੀ ਜਾਂਦੀ ਹੈ ਪਰ ਜਿਸ ਚੀਜ਼ ਦੀ ਢਹਿੰਦੀ ਕਲਾ ਹੋਣੀ ਹੋਵੇ, ਉਹ ਘਟਣੀ ਸ਼ੁਰੂ ਹੋ ਜਾਂਦੀ ਹੈ।

ਬੰਦੇ ਦੇ ਅੰਦਰੋਂ ਜੇ ਗੁਣ ਘਟਣੇ ਸ਼ੁਰੂ ਹੋ ਗਏ ਹਨ ਤਾਂ ਗੱਲ ਸਪੱਸ਼ਟ ਹੈ ਕਿ ਅਵਗੁਣ ਤੇ ਪਾਪਾਂ ਦਾ ਪਲੜਾ ਭਾਰੀ ਹੋ ਗਿਆ ਹੈ। ਤੇ ਉਹ ਵਧ ਰਹੇ ਹਨ। ਜੇ ਗੁਣ ਵਧ ਰਹੇ ਹਨ ਤਾਂ ਜ਼ਰੂਰੀ ਹੈ ਕਿ ਗੁਣਾਂ ਦਾ ਪੱਲਾ ਭਾਰੀ ਹੈ। ਅਵਗੁਣ ਘਟ ਰਹੇ ਹਨ ਤੇ ਗੁਣ ਵਧ ਰਹੇ ਹਨ।

ਕਬੀਰ ਸਾਹਿਬ ਦਾ ਖ਼ਿਆਲ ਹੈ ਕਿ ਅਸੀਂ ਜੀਵਾਂ ਨੇ ਪਾਪ ਤੇ ਪੁੰਨ ਦੇ ਦੋ ਬੈਲ ਲੱਦੇ ਹਨ ਤੇ ਵਣਜਾਰਿਆਂ ਵਾਂਗੂੰ ਸਮਾਨ ਲੱਦ ਕੇ ਜਾ ਰਹੇ ਹਾਂ। ਪਾਪ ਦੇ ਬੈਲ 'ਤੇ ਪਾਪ ਲੱਦਿਆ ਹੈ, ਅਵਗੁਣ ਲੱਦੇ ਹਨ ਤੇ ਪੁੰਨ ਦੇ ਬੈਲ ਤੇ ਗੁਣ ਲੱਦੇ ਹਨ। ਕੁਝ ਅਜਿਹੇ ਹਨ ਜਿਨ੍ਹਾਂ ਦਾ ਪਾਪ ਦਾ ਬੈਲ ਥੱਕ ਜਾਂਦਾ ਹੈ ਤੇ ਪੁੰਨ ਦਾ ਬੈਲ ਜਾ ਪਹੁੰਚਦਾ ਹੈ। ਕਈਆਂ ਦਾ ਪੁੰਨ ਦਾ ਬੈਲ ਥੱਕ ਜਾਂਦਾ ਹੈ ਤੇ ਪਾਪ ਦਾ ਬੈਲ ਜਾ ਪਹੁੰਚਦਾ ਹੈ।

**ਕਹੁਤ ਕਬੀਰੁ ਸੁਨਹੁ ਰੇ ਸੰਤਹੁ, ਅਬ ਐਸੀ ਬਨਿ ਆਈ॥**

**ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ॥**

**(ਗਉੜੀ ਕਬੀਰ ਜੀ, ਪੰਨਾ ੩੩੩)**

ਉਹ ਬੰਦਾ ਵਡਭਾਗੀ ਹੈ ਜਿਸਦਾ ਪਾਪ ਦਾ ਬੈਲ ਥੱਕ ਜਾਏ। ਇਹ ਬੈਲ ਸਾਡੇ ਅੰਦਰ ਹੀ ਹਨ। ਜੇ ਅਜਿਹੀ ਅਵਸਥਾ ਹੈ ਕਿ ਪਾਪ ਕਰਨ ਲਈ ਮਨ ਨਹੀਂ ਕਰਦਾ ਤੇ ਪਾਪ ਦਾ ਸਮਾਂ ਟਲ ਜਾਂਦਾ ਹੈ ਤਾਂ ਸਮਝ ਲੈਣਾ ਪਾਪ ਦਾ ਬੈਲ ਥੱਕ ਗਿਆ ਹੈ। ਪਾਪ ਦੀ ਛੱਟ ਸੁੱਟ ਦਿੱਤੀ ਹੈ। ਫਿਰ ਮਨ ਦੀ ਅਜਿਹੀ ਅਵਸਥਾ ਹੈ ਕਿ ਮਾਸ ਸਾਹਮਣੇ ਹੈ ਪਰ ਮਨ ਰੂਪੀ ਬਿੱਲੀ ਹੁਣ ਨਹੀਂ ਖਾਂਦੀ।

**ਦੀਸਤ ਮਾਸੁ ਨਾ ਖਾਇ ਬਿਲਾਈ॥**

**ਮਹਾ ਕਸਾਬਿ ਛੁਰੀ ਸਟਿ ਪਾਈ॥**

**(ਰਾਮਕਲੀ ਮ: ੫, ਪੰਨਾ ੮੯੮)**

ਪਾਪ ਦਾ ਬੈਲ ਥੱਕ ਗਿਆ, ਪੁੰਨ ਦਾ ਬੈਲ ਤੁਰਿਆ ਜਾ ਰਿਹਾ ਹੈ। ਪਾਪ ਦਾ ਬੈਲ ਜੇ ਤੁਰਿਆ ਜਾਂਦਾ ਤਾਂ ਨਰਕ ਤਕ ਜਾ ਪੁੱਜਣਾ ਸੀ ਪਰ ਉਹ ਤਾਂ ਥੱਕ ਗਿਆ ਹੈ। ਹੁਣ ਪੁੰਨ ਦਾ ਬੈਲ ਤੁਰਿਆ ਜਾ ਰਿਹਾ ਹੈ ਜੋ ਸੱਚਖੰਡ ਪਹੁੰਚਾ ਦੇਵੇਗਾ। ਗੁਰੂ ਨੇ ਪ੍ਰਮਾਤਮਾ ਦਾ ਸਿਮਰਨ ਤੇ ਸੇਵਾ ਕਰਾ ਕੇ ਪਾਪ ਦਾ ਮੂਲ ਮੁਆਫ਼ ਕਰਾ ਦਿੱਤਾ ਹੈ। ਇਸ ਲਈ ਪਾਪ ਦਾ ਨਾ ਮੂਲ ਹੈ ਨਾ ਵਿਆਜ। ਪੁੰਨ ਦਾ ਮੂਲ ਲਾ ਦਿੱਤਾ ਹੈ ਜਿਸਦੀ ਬਰਕਤ ਮੁੱਕਦੀ ਹੀ ਨਹੀਂ। ਮੇਰਾ ਸਾਰਾ ਕਰਜ਼ਾ ਉੱਤਰ ਗਿਆ ਹੈ-

**ਮੇਰੈ ਹੀਅਰੈ ਰਤਨ ਨਾਮੁ ਹਰਿ ਬਸਿਆ, ਗੁਰਿ ਹਾਥ ਧਰਿਓ ਮੇਰੈ ਮਾਥਾ॥**

**ਜਨਮ ਜਨਮ ਕੇ ਕਿਲਬਿਖ ਦੁਖ ਉਤਰੇ, ਗੁਰਿ ਨਾਮੁ ਦੀਓ ਰਿਨੁ ਲਾਥਾ॥**

**(ਜੈਤਸਰੀ ਮ:੪, ਪੰਨਾ ੬੯੬)**

ਨਾਮ ਦੀ ਬਰਕਤ ਨਾਲ ਹੀ ਪਾਪਾਂ ਦਾ ਕਰਜ਼ਾ ਉਤਰਦਾ ਹੈ ਤੇ ਮਨੁੱਖ ਜੀਵਨ ਵਿਚ ਸੁਰਖ਼ਰੂ ਹੁੰਦਾ ਹੈ।

**ਖਾਵਹਿ ਖਰਚਹਿ ਰਲਿ ਮਿਲਿ ਭਾਈ।**

**ਤੋਟ ਨਾ ਆਵੈ ਵਧਦੋ ਜਾਈ॥**

ਪਾਪਾ ਦਾ ਵਿਆਜ ਮੁਕਾਉਣ ਲਈ ਬਹੀਐ ਪੜਿਆ ਪਾਸਿ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਪ੍ਰਦੂਸ਼ਣ ਅਤੇ ਇਸਦਾ ਇਤਿਹਾਸਿਕ ਪਿਛੋਕੜ

**ਪ੍ਰਦੂਸ਼ਣ** - ਆਦਮੀ ਨੂੰ ਜਿਉਂਦੇ ਰਹਿਣ ਲਈ, ਤਿੰਨ ਮੁੱਖ ਚੀਜ਼ਾਂ ਦੀ ਜ਼ਰੂਰਤ ਹੈ – ਹਵਾ, ਪਾਣੀ ਅਤੇ ਭੋਜਨ। ਸਿਹਤਮੰਦ ਜ਼ਿੰਦਗੀ ਜਿਉਣ ਲਈ ਇਹ ਤਿੰਨੇ ਸ਼ੁੱਧ ਹੋਣੇ ਚਾਹੀਦੇ ਹਨ। ਅਰਥਾਤ ਇਨ੍ਹਾਂ ਵਿਚ ਅਜਿਹੇ ਪਦਾਰਥਾਂ ਜਾਂ ਜੀਵਾਣੂਆਂ ਦੀ ਅਣਹੋਂਦ ਹੋਣੀ ਚਾਹੀਦੀ ਹੈ ਜਾਂ ਉਹਨਾਂ ਦੀ ਮਾਤਰਾ ਏਨੀ ਹੋਣੀ ਚਾਹੀਦੀ ਹੈ ਜੋ ਕਿ ਆਦਮੀ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕਣ। ਜਦੋਂ ਹਵਾ, ਪਾਣੀ ਤੇ ਭੋਜਨ ਵਿਚ ਮਿਲਾਵਟਾਂ, ਅਰਥਾਤ, ਅਣਇੱਛਿਤ ਪਦਾਰਥਾਂ ਦੀ ਮਾਤਰਾ, ਨੁਕਸਾਨਦਾਇਕ ਪੱਧਰ ਤੱਕ ਪਹੁੰਚ ਜਾਂਦੀ ਹੈ, ਉਦੋਂ ਹਵਾ, ਪਾਣੀ ਭੋਜਨ ਪ੍ਰਦੂਸ਼ਿਤ ਕਹੇ ਜਾਂਦੇ ਹਨ ਅਤੇ ਅਣਇੱਛਿਤ ਮਿਲਾਵਟੀ ਪਦਾਰਥ ਪ੍ਰਦੂਸ਼ਕ। ਹਵਾ, ਪਾਣੀ ਅਤੇ ਭੋਜਨ ਦਾ ਪ੍ਰਦੂਸ਼ਣ, ਪ੍ਰਦੂਸ਼ਣ ਦੀਆਂ ਤਿੰਨ ਮੁੱਖ ਵੰਨਗੀਆਂ ਹਨ। ਇਨ੍ਹਾਂ ਤੋਂ ਇਲਾਵਾ ਤਾਪ, ਵਿਕਿਰਣ ਅਤੇ ਰੌਲਾ ਪ੍ਰਦੂਸ਼ਣ ਦੀਆਂ ਤਿੰਨ ਹੋਰ ਵੰਨਗੀਆਂ ਹਨ। ਇਹ ਤਿੰਨੇ ਵੰਨਗੀਆਂ ਊਰਜਾ ਦੇ ਤਿੰਨ ਅਜਿਹੇ ਰੂਪ ਹਨ ਜੋ ਕਿ ਪ੍ਰਦੂਸ਼ਣ ਪੱਧਰ ਤੱਕ ਪਹੁੰਚ ਕੇ, ਆਦਮੀ ਨੂੰ ਸਿਹਤਮੰਦ ਅਤੇ ਖੁਸ਼ੀਆਂ ਭਰੀ ਜ਼ਿੰਦਗੀ ਜਿਉਣ ਵਿਚ ਕਾਫੀ ਰੁਕਾਵਟ ਪਾਉਂਦੇ ਹਨ ਅਤੇ ਕਈ ਤਰ੍ਹਾਂ ਦੇ ਮਾੜੇ ਚੰਗੇ ਰੋਗ ਲਗਾਉਂਦੇ ਹਨ। ਇਹ ਪ੍ਰਦੂਸ਼ਣ ਵੰਨਗੀਆਂ ਅਜਿਹੀਆਂ ਬੇਹੁਦਰੀਆਂ ਹਨ ਜਿਨ੍ਹਾਂ ਤੋਂ ਅਸੀਂ ਚਾਹੁੰਦੇ ਹੋਏ ਵੀ ਬਚ ਨਹੀਂ ਸਕਦੇ। ਇਹ ਤਿੰਨੇ ਸਾਡੇ ਤੇ ਮੱਲੋ ਮੱਲੀ ਹਮਲਾ ਕਰਦੀਆਂ ਹਨ।



**ਪ੍ਰਦੂਸ਼ਕ ਅਤੇ ਪ੍ਰਦੂਸ਼ਿਤ ਵਿਚ ਸਬੰਧ** - ਪ੍ਰਦੂਸ਼ਣ ਬਾਰੇ ਇਕ ਹੋਰ ਵੀ ਪਹਿਲੂ ਵਿਚਾਰਨਯੋਗ ਹੈ। ਹੋ ਸਕਦਾ ਹੈ ਜੋ ਚੀਜ਼ ਮਨੁੱਖਾਂ ਲਈ ਪ੍ਰਦੂਸ਼ਣ ਦਾ ਕਾਰਨ ਹੋਵੇ, ਜਾਨਵਰਾਂ ਲਈ ਨਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਕਿਸੇ ਸ੍ਰੋਤ ਜਿਵੇਂ ਕਿ ਦਰਿਆ ਦਾ ਪਾਣੀ ਪੀਣ ਵਾਸਤੇ ਤਾਂ ਹਾਨੀਕਾਰਕ ਹੋਵੇ ਪਰ ਉਦਯੋਗਿਕ ਵਰਤੋਂ ਲਈ ਸਹੀ ਹੋਵੇ। ਇਸੇ ਤਰ੍ਹਾਂ ਹੋ ਸਕਦਾ ਹੈ ਕਿ ਕਿਸੇ ਝੀਲ ਦਾ ਪਾਣੀ, ਪੀਣ ਲਈ ਤਾਂ ਅਯੋਗ ਹੋਵੇ ਪਰ ਨੌਕਾ ਵਿਹਾਰ ਜਾਂ ਹੋਰ ਜਲ-ਖੇਡਾਂ ਵਾਸਤੇ ਯੋਗ ਹੋਵੇ। ਜੇਕਰ ਝੀਲ ਵਿਚ ਜੜੀਆਂ ਬੂਟੀਆਂ ਅਤੇ ਬੇਲੋੜੇ ਜਲ-ਪੌਦੇ ਏਨੀ ਮਾਤ੍ਰਾ ਵਿਚ ਉੱਗੇ ਹੋਣ ਕਿ ਉਸ ਵਿਚ ਬੇੜੀ ਨਾ ਚਲਾਈ ਸਕੇ ਤਾਂ ਉਹ ਝੀਲ ਨੌਕਾ ਵਿਹਾਰ ਲਈ ਵੀ ਪ੍ਰਦੂਸ਼ਿਤ ਹੈ। ਸੋ ਆਖ ਸਕਦੇ ਹਾਂ ਕਿ ਉਹ ਪਦਾਰਥ (ਜਾਂ ਕਾਰਕ/ਕਾਰਜ ਵਿਧੀ) ਜੋ ਕਿ ਕਿਸੇ ਜੀਵ ਜਾਂ ਉਸ ਨਾਲ ਸਬੰਧਿਤ ਕਿਸੇ ਪ੍ਰਕ੍ਰਿਆ ਵਾਸਤੇ ਹਾਨੀਕਾਰਕ ਹੋ ਜਾਵੇ ਤਾਂ ਉਹ ਪਦਾਰਥ (ਜਾਂ ਕਾਰਕ ਜਾਂ ਕਾਰਜ ਵਿਧੀ) ਉਸ ਕਥਿਤ ਜੀਵ ਜਾਂ ਪ੍ਰਕਿਰਿਆ ਵਾਸਤੇ ਪ੍ਰਦੂਸ਼ਕ ਹੈ। ਸੋ ਕਿਸੇ ਪਦਾਰਥ (ਜਾਂ ਕਾਰਕ) ਦਾ ਪ੍ਰਦੂਸ਼ਕ ਹੋਣਾ, ਉਸ ਦੀ ਮਾਤ੍ਰਾ, ਸਥਾਨ ਅਤੇ ਸਮੇਂ ਤੇ ਨਿਰਭਰ ਕਰਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪ੍ਰਦੂਸ਼ਕ ਉਹ ਪਦਾਰਥ ਹੈ ਜੋ ਜਾਂ ਗਲਤ ਮਾਤ੍ਰਾ ਵਿਚ ਜਾਂ ਗਲਤ ਸਮੇਂ ਜਾਂ ਗਲਤ ਸਥਾਨ ਤੇ ਪਾਇਆ ਜਾਂਦਾ ਹੈ। ਲੱਗੀ ਹੋਈ ਜਮਾਤ ਵਿਚ ਜੇਕਰ ਕੋਈ ਬੇਲੋੜਾ ਅਜਨਬੀ ਧੁੱਸ ਦੇਣੀ ਦਾਖਲ ਹੋ ਕੇ, ਗੀਤ ਗਾਣਾ ਸ਼ੁਰੂ ਕਰ ਦੇਵੇ ਤਾਂ ਉਹ ਗੀਤ, ਗਲਤ ਚੀਜ਼ ਗਲਤ ਸਥਾਨ ਅਤੇ ਗਲਤ ਸਮੇਂ ਤੇ ਹੈ। ਉਹ ਕਥਿਤ ਜਮਾਤ ਦੀ ਪੜ੍ਹਾਈ-ਪ੍ਰਕਿਰਿਆ ਵਿਚ ਵਿਘਨ ਪਾ ਰਿਹਾ ਹੈ ਅਤੇ ਇਸ ਤਰ੍ਹਾਂ ਇਕ ਪ੍ਰਦੂਸ਼ਕ ਹੈ। ਵਿਆਖਿਆ ਲਈ ਕੁਝ ਹੋਰ ਉਦਾਹਰਣਾਂ ਪੇਸ਼ ਹਨ। ਜਿਨ੍ਹਾਂ ਵਿਚੋਂ ਕਈ ਉਚਿੱਤ ਮਾਤਰਾ ਵਿਚ ਸਾਡੇ ਸਰੀਰ ਦੀਆਂ ਕ੍ਰਿਆਵਾਂ ਅਤੇ ਪਾਣੀ ਦੇ ਰੋਗਾਣੂਆਂ ਆਦਿ ਤੋਂ ਮੁਕਤੀ ਲਈ ਅਤਿ ਜ਼ਰੂਰੀ ਹਨ। ਪਰ ਇਹ ਪਦਾਰਥ ਜੇਕਰ ਉਚਿੱਤ ਮਾਤ੍ਰਾ ਤੋਂ ਵੱਧ ਹੋਣ ਤਾਂ ਪਾਣੀ ਪ੍ਰਦੂਸ਼ਿਤ ਆਖਿਆ ਜਾਂਦਾ ਹੈ। ਓਜ਼ੋਨ ਅਤੇ ਕਲੋਰੀਨ ਗੈਸਾਂ ਪਾਣੀ ਦੇ ਸ਼ੁਧੀਕਰਣ ਲਈ ਵਰਤੀਆਂ ਜਾਂਦੀਆਂ ਹਨ ਪਰ ਜੇ ਪਾਣੀ ਵਿਚ ਉਚਿੱਤ ਮਾਤਰਾ ਤੋਂ ਵਧੀਕ ਹੋਣ ਜਾਂ ਸਾਡੇ ਆਲੇ-ਦੁਆਲੇ ਦੀ ਹਵਾ ਵਿਚ ਸ਼ਾਮਲ ਹੋ ਜਾਣ ਤਾਂ ਪ੍ਰਦੂਸ਼ਕ ਹਨ।

ਆਲੇ ਦੁਆਲੇ ਹਰ ਸਮੇਂ ਪਸਰ ਰਿਹਾ ਰੌਲਾ (ਜੋ ਕਿ ਹਾਨੀਕਾਰਕ ਹੈ ਅਤੇ ਇਕ ਪ੍ਰਦੂਸ਼ਕ ਵੀ ਹੈ) ਅਸੀਂ ਦਿਨ ਵੇਲੇ ਆਦਤਨ ਬਰਦਾਸ਼ਤ ਕਰਦੇ ਹਾਂ ਪਰ ਰਾਤ ਨੂੰ ਸੌਣ ਵੇਲੇ ਇਹ ਰੌਲਾ ਗ਼ਲਤ ਸਮੇਂ ਤੇ ਹੈ। ਇਸੇ ਤਰ੍ਹਾਂ ਹਸਪਤਾਲ ਦੇ ਲਾਗੇ ਰੌਲਾ ਗਲਤ ਸਥਾਨ ਤੇ ਹੈ। ਜ਼ਿਆਦਾ ਉੱਚੀ ਰੌਲਾ ਗਲਤ ਮਾਤਰਾ ਵਿਚ ਹੈ।

**ਪ੍ਰਦੂਸ਼ਣ ਦਾ ਆਰੰਭ** - ਜਦ ਪ੍ਰਦੂਸ਼ਣ ਬਾਰੇ ਚਰਚਾ ਹੋ ਹੀ ਰਹੀ ਹੈ ਤਾਂ ਇਹ ਸੁਭਾਵਿਕ ਹੀ ਹੈ ਕਿ ਤੁਸੀਂ ਪੁੱਛੋ ਕਿ ਪ੍ਰਦੂਸ਼ਣ ਕਦੋਂ ਸ਼ੁਰੂ ਹੋਇਆ, ਕਿਉਂਕਿ ਅੱਜ ਤੋਂ ਕੋਈ ਸੱਠ ਸੱਤਰ ਸਾਲ ਪਹਿਲਾਂ ਤਾਂ ਇਸ ਬਾਰੇ ਕੋਈ ਬਹੁਤ ਰੌਲਾ ਨਹੀਂ ਸੀ। ਧਰਤੀ ਮਾਤਾ, ਆਪਣੀ ਉਮਰ ਦੇ 460 ਕਰੋੜ ਸਾਲ ਪੁਗਾ ਚੁੱਕੀ ਹੈ। ਇਹ ਕੋਈ 150 ਕਰੋੜ ਸਾਲ ਦੀ ਸੀ, ਅਰਥਾਤ ਅੱਜ ਤੋਂ ਕੋਈ 310 ਕਰੋੜ ਸਾਲ ਪਹਿਲਾਂ ਕਿ ਇਸ ਦੀ ਗੋਦੀ ਵਿਚ ਜ਼ਿੰਦਗੀ ਰੁਮਕੀ। ਇਸ ਤੱਥ ਦਾ ਪੱਥਰ ਬਣੇ ਜੀਵਾਂ ਦੇ ਸਰੀਰਾਂ ਅਤੇ ਉਨ੍ਹਾਂ ਦੇ ਸਰੀਰਾਂ ਦੇ ਪੱਥਰਾਂ ਉੱਤੇ ਉਕਰੇ ਅਕਸਾਂ ਤੋਂ ਪਤਾ ਲੱਗਦਾ ਹੈ ਕਿ ਜਦ ਜ਼ਿੰਦਗੀ ਰੁਮਕੀ ਅਤੇ ਵਿਗਸੀ, ਇਸਦੀਆਂ ਕਈ ਭਿੰਨ-ਭਿੰਨ ਵੰਨਗੀਆਂ ਉਤਪੰਨ ਹੋਈਆਂ ਅਤੇ ਨਾਸ ਹੋਈਆਂ। ਅਰਥਾਤ ਜ਼ਿੰਦਗੀ ਦੇ ਰੂਪਾਂ ਵਿਚ ਭਿੰਨਤਾ ਆਉਂਦੀ ਗਈ। ਅੰਤ ਅੱਜ ਤੋਂ ਕੇਵਲ 30-32 ਹਜ਼ਾਰ ਸਾਲ ਪਹਿਲਾਂ ਅੱਜਕਲ੍ਹ ਦੀ ਅਕਲ ਤੇ ਸ਼ਕਲ ਵਾਲੇ ਆਦਮੀ ਹੋਮੋ ਸੇਪੀਅਨ ਦਾ ਵਿਕਾਸ ਹੋਇਆ। ਜੀਵ ਹਵਾ, ਪਾਣੀ ਤੇ ਭੋਜਨ ਨੂੰ ਭੋਗ ਕੇ ਸਰੀਰਕ ਕ੍ਰਿਆਵਾਂ ਦੇ ਸਿੱਟੇ ਵਜੋਂ ਅੰਤ ਨੂੰ ਗੰਦਗੀ ਪੈਦਾ ਕਰਦੇ ਹਨ। ਜਦੋਂ ਜੀਵ ਸਾਹ ਲੈਂਦੇ ਹਨ ਤਾਂ ਉਹ ਹਵਾ ਵਿਚੋਂ ਆਕਸੀਜਨ ਲੈ ਕੇ ਕਾਰਬਨ ਡਾਈਆਕਸਾਈਡ ਛੱਡਦੇ ਹਨ। ਇਹ ਗੈਸ ਹਵਾ ਦਾ ਇਕ

ਮਹੱਤਵਸ਼ਾਲੀ ਅੰਗ ਹੈ। ਅੱਜ ਤੋਂ ਲਗਪਗ 250 ਸਾਲ ਪਹਿਲਾਂ ਆਧੁਨਿਕ ਉਦਯੋਗਿਕ ਯੁੱਗ ਸ਼ੁਰੂ ਹੋਇਆ ਮੰਨਿਆ ਜਾ ਸਕਦਾ ਹੈ। ਉਸ ਵੇਲੇ ਇਸ ਗੈਸ ਦਾ ਹਵਾ ਵਿਚ ਅੰਸ਼ ਕੋਈ 0.03% ਅਤੇ ਸਥਾਈ ਸੀ। ਫਿਰ ਇਹ ਕੋਲੇ ਅਤੇ ਪੈਟਰੋਲੀਅਮ ਬਾਲਣਾ ਦੀ ਵਧਦੀ ਹੋਈ ਵਰਤੋਂ ਕਾਰਨ ਇਕਦਮ ਵਧਣਾ ਸ਼ੁਰੂ ਹੋ ਗਿਆ। ਹੁਣ ਇਹ 0.048% ਹੈ ਅਤੇ ਹਰ ਸਾਲ ਲਗਪਗ 4% ਦੇ ਦਰ ਨਾਲ ਵੱਧ ਰਿਹਾ ਹੈ। ਇਸ ਨਾਲ ਧਰਤੀ ਦੇ ਵਾਯੂਮੰਡਲ ਵਿਚ ਇਸ ਗੈ ਦੇ ਵਾਧੇ ਨਾਲ ਆਲੇ-ਦੁਆਲੇ ਦਾ ਤਾਪਮਾਨ ਵੱਧ ਗਿਆ ਹੈ। ਇਸ ਪਹਿਲੂ ਨੂੰ ਮੁੱਖ ਰੱਖਦੇ ਹੋਏ ਆਖਿਆ ਾਜ ਸਕਦਾ ਹੈ ਕਿ ਹਵਾ ਦੇ ਪ੍ਰਦੂਸ਼ਣ ਦਾ ਬਾਨਣੂੰ ਉਦੋਂ ਹੀ ਬੱਝ ਗਿਆ ਸੀ ਜਦੋਂ ਕਿ ਆਦਮੀ ਨੇ ਪਹਿਲੀ ਵਾਰ ਅੱਗ ਬਾਲਣੀ ਸਿੱਖੀ ਸੀ।

"ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ" ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ ਅਨੁਸਾਰ ਸਭ ਤਰ੍ਹਾਂ ਦੀ ਜ਼ਿੰਦਗੀ ਦਾ ਮੂਲ ਪਾਣੀ ਹੈ। ਮੂਲ ਹੀ ਨਹੀਂ ਸਗੋਂ ਜ਼ਿੰਦਗੀ ਦੇ ਰੱਥ ਅਤੇ ਆਦਮੀ ਦੀ ਪ੍ਰਗਤੀ ਦੋ ਪਹੀਏ ਦੀ ਚੂਲ ਵੀ ਹੈ। ਆਦਮੀ ਦੀ ਮੁੱਢਲੀ ਵੱਸੋਂ ਦਰਿਆਵਾਂ ਝੀਲਾਂ ਅਤੇ ਕੁਦਰਤੀ ਜਲ-ਸ੍ਰੋਤਾਂ ਦੇ ਕਿਨਾਰਿਆਂ ਤੇ ਪਲਮੀ ਤੇ ਵਿਗਸੀ। ਇਸ ਦੇ ਨਾਲ ਹੀ ਆਦਮੀ ਦੇ ਮਲ ਮੂਤਰ, ਕੂੜਾ ਕਰਕਟ ਅਤੇ ਮਰੇ ਹੋਇ ਜੀਵ ਜੰਤੂਆਂ ਦੁਆਰਾ ਦਰਿਆਵਾਂ ਆਦਿ ਦਾ ਪਾਣੀ ਗੰਦਾ ਹੋਣਾ ਸ਼ੁਰੂ ਹੋ ਗਿਆ। ਤੁਸੀਂ ਕਈ ਪਰੀ ਕਹਾਣੀਆਂ ਪੜ੍ਹੀਆਂ ਹੋਣਗੀਆਂ ਜਿਨ੍ਹਾਂ ਵਿਚ ਕੋਈ ਸ਼ਹਿਜ਼ਾਦਾ, ਕਿਸੇ ਸ਼ਹਿਜ਼ਾਦੀ ਪਰੀ, ਨੂੰ ਦਿਓ ਜਾਂ ਚੁੜੇਲ ਵਗੈਰਾ ਦੀ ਕੈਦ ਵਿਚੋਂ ਆਜ਼ਾਦ ਕਰਾਉਂਦਾ, ਹੋਇਆ ਝੀਲ ਜਾਂ ਤਲਾਬ ਦਾ ਪਾਣੀ ਪੀਣ ਕਰਕੇ ਮੂਰਛਤ ਹੋ ਜਾਂਦਾ ਹੈ। ਨਿਸ਼ਚੇ ਹੀ ਉਹ ਪਾਣੀ ਸ੍ਰੋਤ, ਪ੍ਰਦੂਸ਼ਿਤ ਹੁੰਦਾ ਸੀ।

ਪੁਰਾਣੇ ਵੇਲੇ ਦੇ ਯੂਨਾਨੀਆਂ ਵਿਚ ਹਿਪੋਕਰੇਟਸ ਦੁਆਰਾ ਪਲੀਤ ਪਾਣੀ ਦੇ ਦੁਸ਼-ਪ੍ਰਭਾਵਾਂ ਤੋਂ ਖ਼ਬਰਦਾਰ ਕਰਦਿਆਂ ਇਸਨੂੰ ਉਬਾਲ ਪੁਣ ਕੇ ਪੀਣ ਦੀ ਹਦਾਇਤ ਦਾ ਵੀ ਉਲੇਖ ਮਿਲਦਾ ਹੈ। ਰੋਮਨ, ਘਟੀਆ ਤੇ ਪੀਣ ਲਈ ਅਯੋਗ ਪਾਣੀ ਨੂੰ ਸਿੰਚਾਈ ਵਾਸਤੇ ਅਤੇ ਫੁਹਾਰੇ ਚਲਾਉਣ ਲਈ ਵਰਤਦੇ ਸਨ।

ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਲਿਖੇ ਗਏ ਗ੍ਰੰਥ, ਮਹਾਂਭਾਰਤ ਦੀ ਕਥਾ ਅਨੁਸਾਰ ਜਦੋਂ ਪਾਂਡਲ ਬਨਵਾਸ ਕੱਟ ਰਹੇ ਸਨ ਤਾਂ ਇਕ ਦਿਨ ਚਾਰ ਪਾਂਡੂ ਭਰਾ ਨਕੁਲ, ਸਹਿਦੇਵ, ਅਰਜਨ ਤੇ ਭੀਮ ਇਕ ਯਕਸ਼ ਦੇ ਤਲਾਬ ਵਿਚੋਂ ਉਸ ਦੇ ਸਵਾਲਾਂ ਦੇ ਉੱਤਰ ਦਿੱਤੇ ਬਿਨਾਂ ਪਾਣੀ ਪੀਣ ਕਰਕੇ ਬੇਹੋਸ਼ ਹੋ ਗਏ ਸਨ। ਨਿਸ਼ਚੇ ਹੀ ਉਹ ਪਾਣੀ ਪ੍ਰਦੂਸ਼ਿਤ ਸੀ। ਇਸ ਤਰ੍ਹਾਂ ਪਾਣੀ ਦੇ ਪ੍ਰਦੂਸ਼ਣ ਦਾ ਉਲੇਖ ਕਾਫੀ ਪੁਰਾਣਾ ਹੈ।

**ਪ੍ਰਦੂਸ਼ਣ ਦਾ ਇਤਿਹਾਸ** - ਆਦਮੀ ਦੁਆਰਾ ਹਵਾ ਦੀ ਰਚਨਾ ਵਿਚ ਤਬਦੀਲੀ ਉਦੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਕਿ ਉਸ ਨੇ ਅੱਗ ਬਾਲਣੀ ਸਿੱਖ ਲਈ ਸੀ। ਪਰ ਹਵਾ ਦੇ ਪ੍ਰਦੂਸ਼ਣ-ਇਤਿਹਾਸ ਵਿਚ ਵੱਡਾ ਮੋੜ ਉਦੋਂ ਆਇਆ ਜਦੋਂ ਆਦਮੀ ਨੇ ਕੋਲਾ ਬਾਲਣਾ ਸਿੱਖਿਆ। ਇਸ ਦੁਆਰਾ ਉਸ ਨੇ ਊਰਜਾ ਨੂੰ ਵੱਡੇ ਪੈਮਾਨੇ ਤੇ ਵਰਤਣਾ ਸ਼ੁਰੂ ਕਰ ਦਿੱਤਾ। ਪਰ ਸਭ ਤੋਂ ਪਹਿਲਾਂ ਆਦਮੀ ਨੇ ਕੋਲਾ ਬਾਲਣਾ ਕਦੋਂ ਸਿੱਖਿਆ? ਇਤਿਹਾਸ ਵਿਚ ਸਪੱਸ਼ਟ ਸ਼ਬਦਾਂ ਵਿਚ ਇਸ ਦਾ ਕੋਈ ਉਲੇਖ ਨਹੀਂ ਮਿਲਦਾ। ਹਾਂ, ਆਖਿਆ ਜਾਂਦਾ ਹੈ ਕਿ ਚੀਨੀ ਲੋਕ ਈਸਾ ਦੇ ਜਨਮ ਤੋਂ ਪਹਿਲਾਂ ਤੋਂ ਹੀ ਇਸਨੂੰ ਬਾਲਣ ਦੇ ਤੌਰ ਤੇ ਵਰਤਦੇ ਸਨ। ਪਰ ਕੋਲੇ ਦੀ ਉਦਯੋਗਿਕ ਪੈਮਾਨੇ ਤੇ ਵਰਤੋਂ, ਇੰਗਲੈਂਡ ਵਿਚ ਕੋਈ ਬਾਰ੍ਹਵੀਂ ਸਦੀ ਵਿਚ ਸ਼ੁਰੂ ਹੋਈ ਅਤੇ ਕੋਲਾ ਢਲਾਈ ਦੇ ਕੰਮ ਵਾਸਤੇ ਵਰਤਿਆ ਜਾਣ ਲੱਗਾ। ਜਦੋਂ ਕੋਲਾ ਬਲਦਾ ਹੈ ਤਾਂ ਇਸ ਵਿਚ ਨਿਕਲਦੇ ਧੂੰਏਂ ਵਿਚ ਕਈ ਜ਼ਹਿਰੀਲੀਆਂ ਗੈਸਾਂ ਅਤੇ ਕੋਲੇ ਦੇ ਅਣਜਲੇ ਕਣ ਅਤੇ ਸਵਾਹ ਮਿਲੀ ਹੁੰਦੀ ਹੈ। ਇਹ ਸਭ ਹਵਾ ਵਿਚ ਮਿਲ ਕੇ ਉਸਨੂੰ ਪ੍ਰਦੂਸ਼ਿਤ ਕਰਦੇ ਹਨ। ਸੋ ਆਖ ਸਕਦੇ ਹਾਂ ਕਿ ਹਵਾ ਦਾ ਪ੍ਰਦੂਸ਼ਣ ਕੋਲੇ ਦੇ ਬਾਲਣ ਦੇ ਨਾਲ ਸ਼ੁਰੂ ਹੋਇਆ। ਇਸ ਦਾ ਦਸਤਾਵੇਜ਼ੀ ਸਬੂਤ ਇੰਗਲੈਂਡ ਤੇ ਤੇਰ੍ਹਵੀਂ ਸਦੀ ਵਿਚ ਹੋਇ ਰਾਜੇ ਐਡਵਰਡ ਪਹਿਲੇ ਦੁਆਰਾ ਬਣਾਇਆ ਗਿਆ ਕਾਨੂੰਨ ਹੈ। ਉਦੋਂ ਲੋਕ ਕੋਲਾ ਬਾਲ ਕੇ ਆਪਣੇ ਘਰਾਂ ਨੂੰ ਗਰਮ ਵੀ ਕਰਦੇ ਸਨ ਅਤੇ ਖਾਣਾ ਪਕਾਉਣ ਲਈ ਵੀ ਵਰਤਦੇ ਸਨ। ਹੋਇਆ ਇਸ ਤਰ੍ਹਾਂ ਕਿ ਇਕ ਵਾਰੀ ਜਦ ਪਾਰਲੀਮੈਂਟ ਦਾ ਸੈਸ਼ਨ ਚੱਲ ਰਿਹਾ ਸੀ, ਕੋਲੇ ਦਾ ਧੂੰਆਂ ਇਕੱਲਾ ਹੋ ਕੇ ਪਾਰਲੀਮੈਂਟ ਵਿਚ ਆਣ ਫੜਿਆ। ਸਭ ਅਮੀਰ ਵਜ਼ੀਰ ਖੰਘਣ ਲੱਗੇ। ਧੂੰਏਂ ਨਾਲ ਉਹਨਾਂ ਦਾ ਬੁਰਾ ਹਾਲ ਹੋ ਗਿਆ। ਸਿੱਟੇ ਵਜੋਂ ਕਾਨੂੰਨ ਇਹ ਬਣਾਇਆ ਗਿਆ ਕਿ ਪਾਰਲੀਮੈਂਟ ਦੇ ਸੈਸ਼ਨ ਦੌਰਾਨ ਸ਼ਹਿਰ ਵਿਚ ਕੋਲਾ ਨਹੀਂ ਬਾਲਿਆ ਜਾਵੇਗਾ।

ਹੌਲੀ-ਹੌਲੀ ਇੰਗਲੈਂਡ ਵਿਚ ਕੋਲੇ ਦੀ ਵਰਤੋਂ ਏਨੀ ਵੱਧ ਗਈ ਕਿ ਸੋਲ੍ਹਵੀਂ ਸਦੀ ਦੇ ਅੰਤ ਤੱਕ ਪ੍ਰਤੀ ਮਨੁੱਖ ਸਾਲ ਵਿਚ ਕੋਈ 700 ਕਿਲੋ ਕੋਲਾ ਬਾਲਿਆ ਜਾਣ ਲੱਗਾ। ਇਸ ਨਾਲ ਹਵਾ ਦਾ ਪ੍ਰਦੂਸ਼ਣ ਤੇਜ਼ੀ ਨਾਲ ਵੱਧਣ ਲੱਗਾ।

ਹਵਾ ਦੇ ਪ੍ਰਦੂਸ਼ਣ ਬਾਰੇ ਸਭ ਤੋਂ ਪਹਿਲੀ ਪੁਸਤਕ 1661 ਵਿਚ, ਇੰਗਲੈਂਡ ਵਿਚ ਚਾਰਲਸ ਦੂਜੇ ਦੀ ਸ਼ਾਹੀ ਕਮਾਂਡ ਨੇ, ਜਾਨ ਐਵਲਿਨ ਦੁਆਰਾ ਲਿਖੀ, "ਲੰਡਨ ਦੀ ਹਵਾ ਅਤੇ ਧੂੰਏਂ ਦੇ ਪਸਾਰ ਦੁਆਰਾ ਬੇਆਰਾਮੀ ਅਤੇ ਇਸਦਾ ਸਮਾਧਾਨ" ਪ੍ਰਕਾਸ਼ਿਤ ਕੀਤੀ।

**ਭਾਫ਼ ਇੰਜਨ ਦਾ ਮੁੱਢ** - 1705 ਵਿਚ ਨਿਊਕੋਮੇ ਨੇ ਜੋ ਕਿ ਇੰਗਲੈਂਡ ਦਾ ਹੀ ਵਸਨੀਕ ਸੀ ਭਾਫ਼ ਇੰਜਨ ਦੀ ਕਾਢ ਕੱਢੀ। ਭਾਵੇਂ ਇਹ ਇੰਜਨ ਕਾਫੀ ਭਾਰਾ, ਬੇਢੱਬਾ ਅਤੇ ਖਰਚੀਲਾ ਸੀ ਪਰ ਫਿਰ ਵੀ ਇਸ ਦੇ ਨਾਲ ਕੋਲੇ ਦੀ ਖਪਤ ਅਤੇ ਉਦਯੋਗਿਕ ਉੱਨਤੀ ਵਿਚ ਇਕ ਵੱਡਾ ਮੋੜ ਆਇਆ ਪਰ ਅਸਲ ਕ੍ਰਾਂਤੀਕਾਰੀ ਮੋੜ ਉਦੋਂ ਆਇਆ ਜਦੋਂ ਜੇਮਜ਼ ਵਾਟ ਨੇ 1769 ਵਿਚ ਭਾਫ਼ ਇੰਜਨ ਦਾ ਸੁਧਰਿਆ ਹੋਇਆ ਮਾਡਲ ਦਿੱਤਾ। ਉਹ ਮਾਡਲ ਇਤਨਾ ਸੁਧਰਿਆ ਹੋਇਆ ਸੀ ਕਿ ਲੋਕੀ ਭੁੱਲ ਹੀ ਗਏ ਕਿ ਭਾਫ਼ ਇੰਜਨ ਦੀ ਕਾਢ ਨਿਊਕੋਮੇ ਨੇ ਕੱਢੀ ਸੀ।

ਅੱਜ ਸਾਰਾ ਜਗਤ ਕੇਵਲ ਇਹ ਜਾਣਦਾ ਹੈ ਕਿ ਭਾਫ਼ ਇੰਜਨ ਦਾ ਮੋਢੀ ਜੇਮਜ਼ ਵਾਟ ਹੈ। ਖ਼ੈਰ, ਇਸ ਭਾਫ਼ ਇੰਜਨ ਨਾਲ ਆਧੁਨਿਕ ਉਦਯੋਗਿਕ ਯੁੱਗ ਦਾ ਸ੍ਰੀ ਗਣੇਸ਼ ਹੋਇਆ ਅਤੇ ਨਾਲ ਹੀ ਪ੍ਰਦੂਸ਼ਣ ਦਾ।

**ਉਦਯੋਗਿਕ ਕ੍ਰਾਂਤੀ** - ਜੇਮਜ਼ ਵਾਟ ਦੀ ਭਾਫ਼ ਇੰਜਨ ਦੀ ਖੋਜ ਤੋਂ ਬਾਅਦ, ਉਦਯੋਗਾਂ ਵਿਚ ਜਿਵੇਂ ਕ੍ਰਾਂਤੀ ਹੀ ਆ ਗਈ। ਇਸ ਉਦਯੋਗਿਕ ਕ੍ਰਾਂਤੀ ਨੇ ਹਵਾ-ਪਾਣੀ ਪ੍ਰਦੂਸ਼ਨ ਦਾ ਮੁੱਢ ਬੰਨਿਆ।

# ਤਿੜਕੀ ਧਰਤੀ ਵਿਹੁਲਾ ਪਾਣੀ, ਚਿੜੀ ਵਿਚਾਰੀ ਕੀ ਕਰੇ?




ਪੰਜਾਬ ਦੇ ਲੋਕ ਕੁਦਰਤੀ ਜੀਵਨ ਜੀਉਣ ਤੋਂ ਮੁੱਖ ਮੋੜ ਰਹੇ ਹਨ। ਬਜ਼ਾਰਾਂ ਵਿਚ ਬਨਾਵਟੀ ਚੀਜ਼ਾਂ ਦੀ ਭਰਮਾਰ ਅਤੇ ਖਿੱਚ ਨੇ ਉਨ੍ਹਾਂ ਨੂੰ ਜਿਥੇ ਆਪਣੇ 'ਨਿੱਜ' ਪ੍ਰਤੀ ਜ਼ਿਆਦਾ ਸੁਚੇਤ ਕੀਤਾ ਹੈ, ਉਥੇ ਆਲੇ-ਦੁਆਲੇ ਪ੍ਰਤੀ ਉਹਨਾਂ ਦਾ ਮੋਹ ਨਿੱਤ ਘਟਦਾ ਜਾ ਰਿਹਾ ਹੈ।

ਪੰਜਾਬ ਦੇ ਪਿੰਡ ਗੁਆਚ ਰਹੇ ਹਨ। ਸ਼ਹਿਰੀਕਰਨ ਨੇ ਉਹਨਾਂ ਦੀ ਦਿੱਖ ਵਿਗਾੜ ਦਿੱਤੀ ਹੈ। ਹੁਣ ਸਵੇਰੇ ਕੁਕੜ ਵਾਂਗ ਦਿੰਦਾ ਨਹੀਂ ਸੁਣਦਾ, ਦੁੱਧ ਵਾਲੀ ਚਾਟੀ 'ਚ ਮਧਾਣੀ ਦੀ ਗੱਲ ਪੁਰਾਣੀ ਹੋ ਗਈ ਹੈ। ਖੇਤ ਨੂੰ ਭੱਤਾ ਲੈ ਕੇ ਜਾਣ ਵਾਲੀ ਸੁਆਣੀ ਪੈਦਲ ਤੁਰਨੋਂ ਆਰੀ ਹੋ ਗਈ ਹੈ। ਹਾਂ, ਹਾਲੀ ਕਿਧਰੇ-ਕਿਧਰੇ ਮਜ਼ਬੂਰੀ ਵੱਸ ਔਰਤਾਂ ਸਿਰਾਂ 'ਤੇ ਪੱਠੇ ਚੁੱਕ ਖੇਤਾਂ ਤੋਂ ਵਾਪਸ ਪਰਤਦੀਆਂ ਦਿੱਸਦੀਆਂ ਹਨ। ਹਲਟ ਤਾਂ ਕਿਧਰੇ ਦਿਸਦੇ ਹੀ ਨਹੀਂ, ਬੰਬੀਆਂ, ਟਿਊਬਵੈਲਾਂ ਨੇ ਉਹਨਾਂ ਦੀ ਥਾਂ ਲੈ ਲਈ ਹੈ। ਉਂਜ ਵੀ ਕਿਰਤ ਸਭਿਆਚਾਰ ਪਿੰਡ 'ਚੋਂ ਗਾਇਬ ਹੈ। ਕਿਧਰੇ-ਕਿਧਰੇ ਕੌਡ-ਕਬੱਡੀ, ਫੁੱਟਬਾਲ, ਕ੍ਰਿਕਟ ਖੇਡਦੇ ਬੱਚੇ ਤਾਂ ਮਿਲਦੇ ਹਨ, ਪਰ ਪਹਿਲਵਾਨਾਂ ਦੇ ਅਖਾੜੇ ਤਾਂ ਜਿਵੇਂ ਅਲੋਪ ਹੀ ਹੋ ਗਏ ਹਨ। ਜਿਹੜਾ ਮਾੜਾ ਮੋਟਾ ਮੁੰਡਾ, ਪਿੰਡ ਦੇ ਜੋੜੀਦਾਰਾਂ ਵਿਚ ਪੜ੍ਹ-ਲਿਖ ਲੈਂਦਾ ਹੈ, ਆਪਣੀ ਟਿੰਡ-ਫੌਹੜੀ ਚੁੱਕ ਕੇ ਸ਼ਹਿਰ ਜਾ ਵੜਦਾ ਹੈ। ਪਿੰਡ ਤਾਂ ਸ਼ਹਿਰ ਨੇ ਜਿਵੇਂ ਖਾ ਹੀ ਲਏ ਹਨ।


**ਗੁਰਮੀਤ ਸਿੰਘ ਪਲਾਹੀ**

**98158-02070**





ਖੇਤ ਜ਼ਹਿਰ ਉਗਲ ਰਹੇ ਹਨ। ਫਸਲਾਂ ਹਰੀਆਂ-ਭਰੀਆਂ ਤਾਂ ਹਨ, ਪਰ ਖਾਦ, ਜ਼ਹਿਰੀਲੀਆਂ ਦੁਆਈਆਂ ਨੇ ਇਹਨਾਂ ਦੀ ਕੁਦਰਤੀ ਆਬ ਅਤੇ ਰੂਹ ਮਾਰੀ ਹੋਈ ਹੈ। ਸਬਜ਼ੀਆਂ-ਫਲ ਹੁਣ ਦੁਆਈਆਂ ਤੋਂ ਬਿਨਾਂ ਬਚਦੇ ਹੀ ਨਹੀਂ, ਕੀੜਿਆਂ ਦੀ ਮਾਰ 'ਚ ਆ ਜਾਂਦੇ, ਉਵੇਂ ਹੀ ਜਿਵੇਂ ਅੱਜ ਦਾ ਮਨੁੱਖ ਦਵਾਈਆਂ ਦੀ ਲਪੇਟ 'ਚ ਆਇਆ ਹੋਇਆ। ਕਿਹੜਾ ਘਰ ਬਚਿਆ ਹੋਏਗਾ, ਜਿਥੇ ਕੋਈ ਬੀਮਾਰ, ਘਰ ਦੇ ਮਕਾਨ ਦੇ ਇਕ ਖੂੰਜੇ ਹੂੰਗ ਨਹੀਂ ਰਿਹਾ ਹੋਏਗਾ, ਕਿਉਂਕਿ ਘਰ ਤਾਂ ਹੁਣ ਮਕਾਨ ਹੀ ਰਹਿ ਗਏ ਹਨ, ਚਿੜੀ ਦੇ ਪਹੁੰਚੇ ਜਿੱਡੇ ਟੱਬਰ ਵਿਚ ਇਕ ਦੂਜੇ ਦੀ ਸਾਰ ਲੈਣ ਵਾਲਾ ਬਚਦਾ ਹੀ ਕਿਹੜਾ ਹੈ?



ਧਰਤੀ ਬੀਮਾਰ ਪਈ ਹੈ। ਇਸਦਾ ਵਾਤਾਵਰਨ ਪਲੀਤ ਹੋ ਚੁੱਕਾ ਹੈ। ਮਨੁੱਖ ਦੇ ਆਪਣੇ ਸੁੱਖ ਲਈ ਜੰਗਲਾਂ ਦਾ ਵਢਾਂਗਾ ਕਰ ਦਿੱਤਾ ਹੈ। ਸਾਫ਼ ਹਵਾ ਗੁਆਚ ਗਈ ਹੈ। ਦੂਸ਼ਿਤ ਹਵਾ ਰੋਗਾਂ ਦਾ ਕਾਰਨ ਬਣ ਰਹੀ ਹੈ। ਵਹੀਕਲਾਂ, ਫੈਕਟਰੀਆਂ, ਫਸਲਾਂ ਦੀ ਰਹਿੰਦ-ਖੂੰਹਦ ਦਾ ਧੂੰਆਂ, ਵਾਤਾਵਰਨ 'ਚ ਧੁੰਦ-ਗੁਬਾਰ ਪੈਦਾ ਕਰ ਰਿਹਾ ਹੈ।





ਸਾਹ ਲੈਣਾ ਵੀ ਮਨੁੱਖ ਲਈ ਔਖਾ ਹੋਇਆ ਪਿਆ ਹੈ। ਬਿਮਾਰੀਆਂ ਤਾਂ ਫਿਰ ਵਧਣੀਆਂ ਹੀ ਹੋਈਆਂ। ਧਰਤੀ ਦੀ ਕੁੱਖ ਦਾ ਪਾਣੀ ਮਨੁੱਖ ਨੇ ਪਲੀਤ ਕਰ ਛੱਡਿਆ, ਅਸੀਂ ਪੰਜਾਬੀਆਂ ਧਰਤੀ ਦੀ ਕੁੱਖ 'ਚੋਂ ਫਸਲਾਂ ਉਗਾਉਣ ਤੇ ਆਪਣੀ ਵਰਤੋਂ ਲਈ ਇਤਨਾ ਪਾਣੀ ਧਰਤੀ 'ਚੋਂ ਕੱਢ ਲਿਆ ਹੈ ਕਿ ਮਾਰੂਥਲ ਬਨਣ ਦੇ ਕੰਢੇ ਹੈ ਪੰਜਾਬ ਹੁਣ। ਪਾਣੀ ਪ੍ਰਦੂਸ਼ਨ ਦੀ ਬਹੁਲਤਾ ਨੇ ਇਸ ਖਿੱਤੇ 'ਚ ਦਰਜਨਾਂ ਸਾਫ਼ ਸੁਥਰੇ ਪਾਣੀ ਵਾਲੇ ਦਰਿਆ, ਨਦੀਆਂ, ਨਾਲੇ ਪ੍ਰਦੂਸ਼ਿਤ ਕਰ ਦਿੱਤੇ ਹਨ। ਪੰਜਾਬ ਜੋ ਕਦੇ ਪੰਜਾਂ ਦਰਿਆਵਾਂ ਦੀ ਧਰਤੀ ਸੀ। ਢਾਈ ਦਰਿਆ ਵੀ ਉਸਦੇ ਪੱਲੇ ਨਹੀਂ ਰਹੇ। ਜ਼ਹਿਰ ਉਗਲਣ ਵਾਲੀ ਆਪਣੀ ਵਿਰਤੀ ਨਾਲ ਅਸੀਂ ਉਨ੍ਹਾਂ ਦਾ ਪਾਣੀ ਵੀ ਵਰਤਣ ਯੋਗ ਨਹੀਂ ਛੱਡਿਆ। ਲੁਧਿਆਣਾ ਦੇ ਬੁੱਢੇ ਨਾਲੇ ਦਾ ਅਸੀਂ ਕੀ ਹਾਲ ਬਣਾ ਛੱਡਿਆ ਹੈ। ਸੁਲਤਾਨਪੁਰ ਲੋਧੀ ਵਾਲੀ ਬਾਬੇ ਦੀ ਬੇਈ ਅਸੀਂ ਗੰਦਗੀ ਨਾਲ ਭਰਕੇ ਜਗਤ ਪ੍ਰਸਿੱਧ ਰੂਹਾਨੀ ਬਾਬੇ ਨਾਨਕ ਦੇ ਸੰਦੇਸ਼ ਨੂੰ ਵੀ ਮਨੋਂ ਵਿਸਾਰ ਛੱਡਿਆ ਹੈ।

ਇਹੋ ਜਿਹੀ ਹਾਲਤ ਵਿਚ, ਜਦੋਂ ਅੱਜ ਖੁਸ਼ਹਾਲ, ਅਜ਼ਾਦ ਪੰਜਾਬੀਆਂ ਨੂੰ ਖੁਲ੍ਹੇ ਆਸਮਾਨ 'ਚ ਸੁੰਦਰ ਧਰਤੀ 'ਤੇ ਵਿਚਰਦਿਆਂ ਸੋਹਣੇ-ਮਨਮੋਹਣੇ ਗੀਤ ਅਲਾਪਣੇ ਚਾਹੀਦੇ ਸਨ ਕਿਉਂਕਿ ਪੰਜਾਬ ਸੋਹਣੇ ਲੱਠ-ਮਾਰ ਜੁਆਨਾਂ ਦੀ ਧਰਤੀ ਹੈ, ਸ਼ੈਲ-ਛਬੀਲਿਆਂ ਮੁਟਿਆਰਾਂ ਦੀ ਧਰਤੀ ਹੈ, ਗੁਰੂਆਂ, ਪੀਰਾਂ, ਪੈਗੰਬਰਾਂ, ਕਵੀਆਂ ਦੀ ਧਰਤੀ ਹੈ, ਖੁਲ੍ਹੇ-ਡੁਲ੍ਹੇ ਖੁਸ਼ ਰਹਿਣੇ ਲੋਕਾਂ ਦੀ ਧਰਤੀ ਹੈ, ਅੱਜ ਬੀਮਾਰ ਲੋਕਾਂ ਦੀ ਧਰਤੀ ਬਣੀ ਦਿਸਦੀ ਹੈ, ਜਿਥੇ ਕੈਂਸਰ ਵੀ ਹੈ, ਜਿਥੇ ਨਸ਼ੇ ਵੀ ਹਨ, ਜਿਥੇ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਨੇ ਪੰਜਾਬੀਆਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਤਿੜਕੀ ਧਰਤੀ ਵਿਹੁਲਾ ਪਾਣੀ, ਚਿੜੀ ਵਿਚਾਰੀ ਕੀ ਕਰੇ?



# ਕਿਸਾਨ ਖੁਦਕੁਸ਼ੀਆਂ, ਸਮੱਸਿਆ ਦਾ ਹੱਲ ਨਹੀਂ



ਪਿਛਲੇ ਕਾਫੀ ਸਮੇਂ ਤੋਂ ਰੋਜਮਰਾ ਦੀਆਂ ਅਖ਼ਬਾਰਾਂ ਦੀਆਂ ਪ੍ਰਮੁੱਖ ਸੁਰਖੀਆਂ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦੀਆਂ ਖ਼ਬਰਾਂ ਰੋਜ਼ ਹੀ ਛਪ ਰਹੀਆਂ ਹਨ। ਕਰਜ਼ੇ ਦੇ ਮਾਰੇ ਤੇ ਸਤਾਏ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਇਨ੍ਹਾਂ ਖੁਦਕੁਸ਼ੀਆਂ ਦੀ ਗਿਣਤੀ ਹਜ਼ਾਰਾਂ ਦੀ ਗਿਣਤੀ ਤੋਂ ਟੱਪ ਗਈ ਹੈ। ਪੰਜਾਬ ਵਿਚ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਵੀ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਤੇ ਮੌਜੂਦਾ ਕਾਂਗਰਸ ਸਰਕਾਰ ਵੇਲੇ ਵੀ ਇਹ ਵਰਤਾਰਾ ਲਗਾਤਾਰ ਵਾਪਰ ਰਿਹਾ ਹੈ। ਇਸ ਦਾ ਮੁੱਖ ਕਾਰਨ ਖੇਤੀ ਦੇ ਧੰਦੇ ਦਾ ਲਗਾਤਾਰ ਲਾਹੇਵੰਦੀ ਵਾਲਾ ਧੰਦਾ ਨਾ ਰਹਿਣਾ ਪ੍ਰਮੁੱਖ ਹੈ। ਅਸਾਨੀ ਨਾਲ ਕਰਜ਼ਾ ਮਿਲ ਜਾਣਾ ਅਤੇ ਉਹ ਵੀ ਗੈਰ ਖੇਤੀ ਕੰਮਾਂ ਲਈ ਵਰਤਿਆ ਜਾਣਾ ਇਸ ਸਮੱਸਿਆ ਨੂੰ ਵਧਾਉਣ ਦਾ ਇਕ ਵੱਡਾ ਕਾਰਨ ਵੀ ਹੈ। ਸੋਚਣ ਵਾਲੀ ਗੱਲ ਹੈ ਕਿ ਕੀ ਇਹ ਖੇਤੀ ਧੰਦਾ ਜੋ ਪੀੜ੍ਹੀ-ਦਰ-ਪੀੜ੍ਹੀ ਪੰਜਾਬ ਵਿਚ ਪ੍ਰਮੁੱਖ ਧੰਦਾ ਰਿਹਾ ਹੈ, ਪਹਿਲੇ ਸਮੇਂ ਵਿਚ ਹੁਣ ਨਾਲੋਂ ਜ਼ਿਆਦਾ ਲਾਹੇਵੰਦ ਸੀ। ਤਾਂ ਵੇਖਣ ਵਿਚ ਆਉਂਦਾ ਹੈ ਕਿ ਫਸਲਾਂ ਦੇ ਵੇਚ ਮੁੱਲ ਵੀ ਏਨੇ ਜ਼ਿਆਦਾ ਨਹੀਂ ਸੀ, ਸੁਥਰੇ ਬੀਜ, ਰਸਾਇਣਕ ਖਾਦਾਂ ਤੇ ਮਸ਼ੀਨਰੀ ਦੀ ਵੀ ਕਮੀ ਸੀ, ਫਿਰ ਵੀ ਕਿਸਾਨ ਸੰਤੁਸ਼ਟ ਸੀ। ਵੱਡੇ-ਵੱਡੇ ਪਰਿਵਾਰਾਂ ਦਾ ਗੁਜਾਰਾ ਪਰਿਵਾਰ ਦੀ ਖੇਤੀ ਵਿਚੋਂ ਹੀ ਹੁੰਦਾ ਸੀ। ਕਿਸੇ ਖੁਦਕੁਸ਼ੀ ਤੱਕ ਜਾਣ ਦੀ ਕਦੀ ਵੀ ਕੋਈ ਗੱਲ ਨਹੀਂ ਸੁਣੀ ਜਾਂਦੀ ਸੀ। ਕਾਰਨ ਸੀ ਕਿ ਕਿਸਾਨ ਖੇਤੀ ਵਿਚ ਸਮੇਤ ਪਰਿਵਾਰ ਹੱਥੀਂ ਬਹੁਤ ਮਿਹਨਤ ਕਰਦਾ ਸੀ, ਰਸਾਇਣਕ ਖਾਦਾਂ, ਮਸ਼ੀਨਰੀ ਆਦਿ ਦੇ ਖਰਚੇ ਨਹੀਂ ਸਨ। ਕਰਜ਼ਾ ਚੁੱਕਣਾ ਬਹੁਤ ਚੰਗਾ ਨਹੀਂ ਸੀ ਸਮਝਿਆ ਜਾਂਦਾ। ਕਿਸਾਨ ਪਰਿਵਾਰ ਝੂਠੀਆਂ ਤੇ ਫੋਕੀਆਂ ਟੌਹਰਾਂ ਦੀ ਗਲਤਾਨ ਤੋਂ ਦੂਰ ਸਨ। ਜਿਸ ਕਾਰਨ ਬੁਰੀਆਂ ਨੌਬਤਾਂ ਦੇ ਦਿਨ ਆਉਂਦੇ ਨਹੀਂ ਸਨ। ਬਾਅਦ ਵਿਚ ਮਸ਼ੀਨਰੀ ਅਤੇ ਰਸਾਇਣਕ ਖਾਦਾਂ ਅਤੇ ਦਵਾਈਆਂ ਦਾ ਖੇਤੀ ਵਿਚ ਵੱਡੇ ਪੱਧਰ ਤੇ ਦਖਲ ਹੋ ਗਿਆ। ਖੇਤੀ ਲਾਗਤ ਬਹੁਤ ਵੱਡੇ ਪੱਧਰ ਤੇ ਵੱਧ ਗਈ। ਇਹਨਾਂ ਸਾਰਿਆਂ ਲਈ ਪੈਸੇ ਦਾ ਜੁਗਾੜ ਕਰਨ ਲਈ ਸਰਕਾਰਾਂ ਅਤੇ ਬੈਂਕਾਂ ਨੇ ਖੇਤੀ ਮਾਹਿਰਾਂ ਦੀ ਸਲਾਹ ਤੇ ਕਿਸਾਨਾਂ ਦੀ ਕਰਜ਼ੇ ਦੇ ਰੂਪ ਵਿਚ ਆਰਥਿਕ ਮੱਦਦ ਦੇਣ ਦੀ ਪ੍ਰਕ੍ਰਿਆ ਚਾਲੂ ਕੀਤੀ। ਸਹਿਕਾਰੀ ਸਭਾਵਾਂ, ਸਰਕਾਰੀ ਤੇ ਗੈਰ ਸਰਕਾਰੀ ਬੈਂਕਾਂ ਨੇ ਕਿਸਾਨਾਂ ਨੂੰ ਅਸਾਨ ਕਰਜ਼ੇ ਦੇਣ ਦੀਆਂ ਸਕੀਮਾਂ ਬਣਾਈਆਂ। ਕੁਝ ਸਮਝ ਨਾਲ ਚੱਲਣ ਵਾਲੇ ਕਿਸਾਨਾਂ ਨੇ ਇਸ ਪ੍ਰੀਕ੍ਰਿਆ ਦਾ ਹਾਂ-ਪੱਖੀ ਲਾਭ ਲਿਆ ਪ੍ਰੰਤੂ ਬਹੁਗਿਣਤੀ ਨੇ ਅਸਾਨੀ ਨਾਲ ਮਿਲਣ ਵਾਲੇ ਇਹਨਾਂ ਕਰਜ਼ਿਆਂ ਨੂੰ ਖੇਤੀ ਤੇ ਨਾ ਵਰਤ ਕੇ, ਆਪਣੀ ਝੂਠੀ ਸ਼ੋਹਰਤ ਤੇ ਬੱਲੇ ਬੱਲੇ ਲਈ ਵਿਆਹ ਸ਼ਾਦੀਆਂ, ਮਕਾਨ, ਵਿੱਤੋਂ ਵੱਧ ਦੀਆਂ ਮਸ਼ੀਨਰੀਆਂ ਖਰੀਦਣ ਲਈ ਇਹ ਕਰਜ਼ੇ ਲੈ ਲਏ। ਜੋ ਕਿ ਉਹਨਾਂ ਦੀ ਕਰਜ਼ਾ ਮੋੜ ਸਕਣ ਦੀ ਸਮਰੱਥਾ ਤੋਂ ਕਿਤੇ ਵੱਧ ਸੀ। ਕਿਸੇ ਸਾਲ ਆਈ ਕੁਦਰਤੀ ਕਰੋਪੀ ਜਾਂ ਫਸਲੀ ਬਿਮਾਰੀ ਜਾਂ ਕੀੜੇ ਦੇ ਹਮਲੇ ਨੇ ਪੰਜਾਬ ਦੇ ਕਈ ਹਿੱਸਿਆਂ ਵਿਚ ਫਸਲ ਆਮਦਨ ਨੂੰ ਪ੍ਰਭਾਵਿਤ ਵੀ ਕੀਤਾ। ਜਿਸ ਨਾਲ ਕਰਜ਼ਾ ਮੋੜਣ ਦੀ ਕਿਸਾਨ ਦੀ ਸਮਰੱਥਾ ਕਮਜ਼ੋਰ ਹੋਈ ਤੇ ਹੌਲੀ-ਹੌਲੀ ਕਰਜ਼ਾ ਸਮੇਤ ਵਿਆਜ਼ ਵੱਡੀਆਂ ਰਕਮਾਂ ਵਿਚ ਬਦਲ ਗਿਆ। ਖੇਤੀ ਮਜ਼ਦੂਰਾਂ ਨੇ ਵੀ ਇਸੇ ਪ੍ਰਕ੍ਰਿਆ ਨੂੰ ਹੀ ਆਪਣੇ ਜੀਵਨ ਵਿਚ ਵਰਤਿਆ ਜਿਸ ਦੇ ਨਤੀਜੇ ਬਹੁਤ ਮਾੜੇ ਨਿਕਲ ਰਹੇ ਹਨ। ਪੰਜਾਬ ਦੇ ਪਿੰਡਾਂ ਵਿਚ ਰੋਜ਼ ਕਿਤੇ ਨਾ ਕਿਤੇ ਫੂਹੜੀਆਂ ਵਿਛ ਰਹੀਆਂ ਹਨ। ਪਰਿਵਾਰ ਦਾ ਮੁਖੀਆ ਆਪਣੀ ਪਤਨੀ, ਮਾਂ-ਬਾਪ ਅਤੇ ਬੱਚਿਆਂ ਨੂੰ ਇਕ ਵੱਡੇ ਹਨ੍ਹੇਰੇ ਵਿਚ ਧੱਕ ਕੇ ਆਪ ਖੁਦਕੁਸ਼ੀ ਕਰਕੇ ਚੱਲਦਾ ਬਣ ਰਿਹਾ ਹੈ। ਪਰਿਵਾਰ ਦਾ ਭਵਿੱਖ ਕੀ ਹੈ? ਇਹ ਸੋਚ ਵੀ ਉਸ ਨੂੰ ਖੁਦਕੁਸ਼ੀ ਕਰਨ ਤੋਂ ਰੋਕ ਨਹੀਂ ਰਹੀ। ਬੜਾ ਹੀ ਡਰਾਉਣਾ ਤੇ ਫਿਕਰਯੋਗ ਸਬੱਬ ਬਣਿਆ ਹੋਇਆ ਹੈ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**






ਸੋਚਣ ਵਾਲੀ ਗੱਲ ਹੈ ਕਿ ਕੀ ਇਸ ਸਮੱਸਿਆ ਦਾ ਹੱਲ ਸਿਰਫ਼ ਕਰਜ਼ਦਾਰ ਕਿਸਾਨ ਵੱਲੋਂ ਖੁਦਕੁਸ਼ੀ ਕਰਨਾ ਹੀ ਹੈ?



ਰੋਜ਼ਮਰਾ ਦੀ ਜ਼ਿੰਦਗੀ ਵਿਚ ਘੱਟ ਜਾਂ ਮਾਮੂਲੀ ਆਮਦਨ ਵਾਲੇ ਹੋਰ ਕਿੱਤਿਆਂ ਵਿਚ ਸ਼ਾਮਲ ਲੋਕਾਂ ਦੀ ਗਿਣਤੀ ਵੀ ਬਹੁਤ ਹੈ। ਕੀ ਉਹਨਾਂ ਨੂੰ ਆਪਣੇ ਪਰਿਵਾਰ ਦੀ ਪਾਲਣਾ ਪੋਸ਼ਣਾ ਕਰਨ ਲਈ ਸਖ਼ਤ ਮਿਹਨਤ ਨਹੀਂ ਕਰਨੀ ਪੈਂਦੀ। ਕੁਝ ਨੇ ਛੋਟੇ-ਛੋਟੇ ਧੰਦੇ ਚਾਲੂ ਕਰਨ ਲਈ ਬੈਂਕਾਂ ਤੋਂ ਕਰਜ਼ੇ ਵੀ ਲਏ ਹੋਏ ਹਨ। ਕੋਈ ਰੋਜ਼ ਰੇਹੜੀ ਲਾਉਣ ਵਾਲਾ, ਸ਼ਹਿਰੀ ਦਿਹਾੜੀਦਾਰ, ਰਿਕਸ਼ੇ, ਟਾਂਗੇ ਵਾਲਾ, ਆਟੋ ਰਿਕਸ਼ਾ ਚਲਾਉਣ ਵਾਲਾ, ਛੋਟੇ-ਛੋਟੇ ਖੋਖੇ ਲਾ ਕੇ ਕਮਾਈ ਕਰਨ ਵਾਲੇ ਅਤੇ ਅਜਿਹੇ ਅਨੇਕਾਂ ਹੀ ਹੋਰ, ਇਹ ਲੋਕ ਖੁਦਕੁਸ਼ੀਆਂ ਨਹੀਂ ਕਰਦੇ ਸਿਰਫ਼ ਕਿਸਾਨ ਅਤੇ ਖੇਤੀ ਮਜ਼ਦੂਰ ਹੀ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਲੱਗਦਾ ਹੈ ਪੰਜਾਬੀ ਕਿਸਾਨ ਜਾਂ ਪੇਂਡੂ ਖੇਤੀ ਮਜ਼ਦੂਰ ਨੇ, ਦੁਸ਼ਵਾਰੀਆਂ ਅਤੇ ਸਮੱਸਿਆਵਾਂ ਤੋਂ ਹਾਰ ਮੰਨ ਲਈ ਹੈ, ਭਾਵੇਂ ਕਿ ਇਹ ਅਲਾਮਤਾਂ ਉਸ ਦੇ ਆਪਣੇ ਹੀ ਗਲਤ ਫੈਸਲਿਆਂ ਕਰਕੇ ਉਸ ਦੀ ਜ਼ਿੰਦਗੀ ਵਿਚ ਆਉਂਦੀਆਂ ਹਨ।

ਸਿਆਸੀ ਜਮਾਤਾਂ ਵੱਲੋਂ ਵੋਟਾਂ ਲੈਣ ਲਈ ਕਰਜ਼ਾ ਮਾਫ਼ ਕਰਨ ਦੇ ਵਾਅਦੇ ਵੀ ਵਫ਼ਾ ਨਹੀਂ ਹੋਏ। ਸਾਰੇ ਤਰ੍ਹਾਂ ਦੇ ਵੱਡੇ-ਛੋਟੇ ਕਿਸਾਨਾਂ ਨੇ ਬੈਂਕਾਂ ਸਮੇਤ ਹੋਰ ਅਦਾਰਿਆਂ ਦੇ ਕਰਜ਼ੇ ਮੋੜਨੇ ਰੋਕ ਰੱਖੇ ਹਨ। ਬੈਂਕਾਂ ਦੇ ਨਿਯਮਾਂ ਅਨੁਸਾਰ ਜੇਕਰ ਇਹ ਬਕਾਏ ਕਰਜ਼ੇ ਸਰਕਾਰ ਵੱਲੋਂ ਜਾਂ ਕਿਸਾਨਾਂ ਵੱਲੋਂ ਸਮਾਂ ਰਹਿੰਦੇ ਬੈਂਕਾਂ ਨੂੰ ਨਾ ਮੋੜੇ ਗਏ ਤਾਂ ਇਹਨਾਂ ਦੀ ਵਿਆਜ਼ ਦਰ ਵੱਧ ਜਾਵੇਗੀ ਤੇ ਰਕਮਾਂ ਹੋਰ ਵੱਡੀਆਂ ਹੋ ਜਾਣਗੀਆਂ। ਸਰਕਾਰ ਆਪਣੀ ਪਤਲੀ ਮਾਲੀ ਹਾਲਤ ਕਰਕੇ ਸਾਰਾ ਕਰਜ਼ਾ ਮੋੜਨ ਦੇ ਸਮਰੱਥ ਨਹੀਂ ਹੈ। ਫਿਰ ਇਸ ਸਾਰੇ ਵਰਤਾਰੇ ਦਾ ਕੀ ਬਣੇਗਾ, ਕੋਈ ਨਹੀਂ ਜਾਣਦਾ।



ਇਹ ਸਹੀ ਹੈ ਕਿ, ਇਸ ਸਾਰੇ ਮਾੜੇ ਵਰਤਾਰੇ ਵਿਚ ਕਿਸਾਨ ਦੀ ਸਰਕਾਰਾਂ ਵੱਲੋਂ ਮਾਲੀ ਮੱਦਦ ਕਰਨੀ ਬਣਦੀ ਹੈ। ਪ੍ਰੰਤੂ ਕਿਸਾਨ ਤੇ ਖੇਤੀ ਮਜ਼ਦੂਰ ਵੀਰਾਂ ਨੂੰ ਵੀ ਆਪਣੀ ਮੱਦਦ ਆਪ ਕਰਨ ਦਾ ਰਾਹ ਅਪਨਾਉਣਾ ਪਵੇਗਾ। ਸਿਆਣਿਆਂ ਦੇ ਕਥਨ 'ਚਾਦਰ ਵੇਖ ਕੇ ਪੈਰ ਪਸਾਰੇ ਜਾਣ' ਤੇ ਅਮਲ ਕਰਨਾ ਪਵੇਗਾ। ਜਿੰਨੀ ਕਿਸੇ ਦੀ ਕਰਜ਼ਾ ਮੋੜ ਸਕਣ ਦੀ ਹੈਸੀਅਤ ਹੈ ਸਿਰਫ਼ ਓਨਾ ਹੀ ਕਰਜ਼ਾ ਲਿਆ ਜਾਵੇ, ਖੇਤੀ ਕਰਜ਼ਾ ਸਿਰਫ਼ ਤੇ ਸਿਰਫ਼ ਖੇਤੀ ਨਾਲ ਸੰਬਧਿਤ ਕੰਮਾਂ ਤੇ ਖਰਚਿਆ ਜਾਵੇ। ਸਹਿਕਾਰੀ ਸਭਾਵਾਂ ਤੇ ਬੈਂਕ ਲਿਮਟਾਂ ਦੀ ਮੋੜਣਯੋਗ ਅਦਾਇਗੀ ਨੂੰ ਪਹਿਲ ਦੇ ਅਧਾਰ ਤੇ ਮੋੜਿਆ ਜਾਵੇ ਤੇ ਅੱਗੋਂ ਨਵੀਂ ਲਿਮਟ ਦਾ ਕਰਜ਼ਾ ਲਿਆ ਜਾਵੇ। ਸਕੀਮਾਂ ਨੂੰ ਬਨਾਉਣ ਵਾਲੇ ਮਾਹਿਰਾਂ ਦੀ ਸੋਚ ਅਨੁਸਾਰ ਹੀ ਚੱਲਿਆ ਜਾਵੇ ਕਿਤੇ ਵੀ ਅਸੀਂ ਆਪਣੀ ਲਾਇਨ ਤੋਂ ਥਿੜਕਾਂਗੇ ਤਾਂ ਨਤੀਜੇ ਬਹੁਤ ਬੁਰੇ ਹੋ ਸਕਦੇ ਹਨ। ਸਮਝ ਨਾਲ ਚੱਲਣ ਦੀ ਲੋੜ ਹੈ ਨਾਂ ਕਿ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਬੁਜ਼ਦਿਲਾਂ ਵਾਂਗੂੰ ਖੁਦਕੁਸ਼ੀ ਕਰਕੇ ਪਰਿਵਾਰ ਨੂੰ ਹਨ੍ਹੇਰੇ ਵਿਚ ਧੱਕ ਕੇ ਚੱਲਦੇ ਬਣਨਾ। ਖੁਦਕੁਸ਼ੀਆਂ ਸੰਕਟ ਦਾ ਕੋਈ ਹੱਲ ਨਹੀਂ ਕਰਦੀਆਂ, ਪਰਿਵਾਰਾਂ 'ਚ ਸੰਕਟ ਹੋਰ ਵਧਾਉਂਦੀਆਂ ਹਨ।

# ਗਲਤੀ ਵਿਚ ਸੁਧਾਰ ਕਰ ਲੈਣਾ ਚਾਹੀਦਾ ਹੈ

**ਮਨਹੂਸ ਕਾਜੂ**

ਸਿਆਣਿਆਂ ਠੀਕ ਹੀ ਕਿਹਾ ਹੈ ਕਿ ਗਾਹਕ ਅਤੇ ਮੌਤ ਦਾ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਆ ਜਾਣੀ ਹੈ। ਇਸ ਮੌਤ ਨੇ ਨਾ ਤਾਂ ਕਿਸੇ ਦੀ ਜਵਾਨੀ ਵੇਖਣੀ ਹੈ ਅਤੇ ਨਾ ਹੀ ਬੁਢਾਪਾ ਵੇਖਣਾ ਹੈ। ਨਾ ਕਿਸੇ ਨੇ ਇਸ ਤੇ ਕੰਟਰੋਲ ਕੀਤਾ ਹੈ। ਇਸ ਨਵੇਂ ਯੁੱਗ ਵਿਚ ਕੋਈ ਕੰਟਰੋਲ ਨਹੀਂ ਕਰ ਸਕਦਾ। ਇਕ ਬੱਚੇ ਦੇ ਮਾਤਾ ਪਿਤਾ ਨੂੰ ਪੂਰੀ ਆਸ ਸੀ ਕਿ ਸਾਡਾ ਪਰੀਤਾ ਪੜ੍ਹ ਲਿਖ ਕੇ ਕਿਸੇ ਚੰਗੀ ਨੌਕਰੀ ਤੇ ਲੱਗ ਜਾਵੇਗਾ। ਪਿਤਾ ਜੀ ਆਪ ਸਕੂਲ ਮਾਸਟਰ ਹੋਣ ਕਰਕੇ ਪਰੀਤੇ ਦੀ ਪੜ੍ਹਾਈ ਤੇ ਪੂਰੀ ਨਜ਼ਰ ਰੱਖਦੇ ਸਨ। ਉਹ ਆਪਣੇ ਸਕੂਲ ਵਿਚ ਚੰਗੇ ਆਚਰਣ ਵਾਲਾ ਸੀ। ਹਾਕੀ ਦਾ ਚੰਗਾ ਖਿਡਾਰੀ ਹੋਣ ਕਾਰਨ ਸਕੂਲ ਵਿਚ ਉਹਦਾ ਚੰਗਾ ਨਾਂ ਸੀ। ਪੰਜਾਬ ਦੀ ਹਾਕੀ ਟੀਮ ਦੀ ਕਪਤਾਨੀ ਵੀ ਕਰ ਚੁੱਕਾ ਸੀ। ਚੰਗਾ ਸਕੂਲ ਸਟਾਫ ਹੋਣ ਕਾਰਨ ਪਰੀਤੇ ਨੂੰ ਪੜ੍ਹਾਈ ਵਿੱਚ ਕੋਈ ਵੀ ਮੁਸ਼ਕਲ ਪੇਸ਼ ਨਹੀਂ ਸੀ ਆਉਂਦੀ। ਵੈਸੇ ਵੀ ਸਕੂਲ ਮਾਸਟਰ ਦਾ ਬੱਚਾ ਹੋਣ ਕਾਰਨ ਅਤੇ ਚੰਗਾ ਖਿਡਾਰੀ ਹੋਣ ਕਾਰਨ ਪੜ੍ਹਾਈ ਵਿਚ ਕੋਈ ਵੀ ਟੀਚਰ ਉਸ ਨੂੰ ਮੁਸ਼ਕਲ ਪੇਸ਼ ਨਹੀਂ ਸੀ ਆਉਣ ਦੇਦਾਂ। ਪਰੀਤੇ ਨੇ ਚੰਗੀ ਮੇਹਨਤ ਕੀਤੀ ਅਤੇ +2 ਦੀ ਪ੍ਰੀਖਿਆ ਵਿਚੋਂ ਫਸਟ ਡਵੀਜ਼ਨ ਵਿਚ ਪਾਸ ਹੋ ਗਿਆ। ਪਰੀਤੇ ਦੀ ਤਮੰਨਾ ਸੀ ਕਿ ਮੈਂ ਹੋਰ ਅੱਗੇ ਪੜ੍ਹਾਈ ਜਾਰੀ ਰੱਖਾਂ। ਉਸ ਨੇ ਆਪਣੇ ਪਿਤਾ ਦੇ ਇਕ ਸਕੂਲ ਮਾਸਟਰ ਹੋਣ ਕਾਰਨ ਮਹਿਸੂਸ ਕੀਤਾ ਕਿ ਮੇਰੇ ਪਿਤਾ ਜੀ ਮੇਰੇ ਤੇ ਪੜ੍ਹਾਈ ਦਾ ਖਰਚਾ ਹੋਰ ਨਹੀਂ ਝੱਲ ਸਕਣਗੇ, ਕਿਉਂਕਿ ਉਸੇ ਦੇ ਦੋ ਹੋਰ ਭੈਣ ਭਰਾ ਪੜ੍ਹਦੇ ਸਨ¢ਇਸ ਲਈ ਸਾਡਾ ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਗੁਜ਼ਾਰਾ ਨਹੀਂ ਹੋਵੇਗਾ। ਪਰੀਤੇ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਕੋਈ ਨੌਕਰੀ ਕਰ ਲਈ ਜਾਵੇ। ਪਰੀਤੇ ਨੇ ਪੁਲੀਸ ਵਿਚ ਭਰਤੀ ਹੋਣ ਵਾਸਤੇ ਪੇਪਰ ਦੇ ਦਿੱਤੇ ਅਤੇ ਮੈਡੀਕਲ ਵਿਚ ਵੀ ਪਾਸ ਹੋ ਗਿਆ। ਚੰਗੇ ਨੰਬਰ ਹੋਣ ਕਾਰਨ ਅਤੇ ਹਾਕੀ ਦਾ ਚੰਗਾ ਖਿਡਾਰੀ ਹੋਣ ਕਾਰਨ ਪੁਲੀਸ ਵਿਚ ਏ.ਐਸ.ਆਈ. ਦੀ ਨੌਕਰੀ ਮਿਲ ਗਈ। ਮਾਤਾ ਪਿਤਾ ਨੇ ਬੜੀ ਖੁਸ਼ੀ ਮਨਾਈ। ਆਂਢ-ਗੁਆਂਢ ਅਤੇ ਹੋਰ ਰਿਸ਼ਤੇਦਾਰਾਂ ਨੂੰ ਲੱਡੂ ਵੰਡੇ ਗਏ। ਮਾਤਾ ਪਿਤਾ ਨੂੰ ਆਸ ਬੱਝ ਗਈ ਕਿ ਹੁਣ ਸਾਡਾ ਪਰੀਤਾ ਆਈ.ਜੀ. ਦੀ ਨੌਕਰੀ ਤੱਕ ਪਹੁੰਚੇਗਾ। ਪਰੀਤੇ ਦਾ ਮਾਮਾ ਅਤੇ ਮਾਮੇ ਦਾ ਦੋਸਤ ਤਾਰਾ ਸਿੰਘ ਵੀ ਵਧਾਈ ਦੇਣ ਵਾਸਤੇ ਪਰੀਤੇ ਦੇ ਘਰ ਆਏ। ਘਰ ਵਿਚ ਬੜਾ ਹੀ ਚੰਗਾ ਮਾਹੌਲ ਬਣ ਗਿਆ ਸੀ। ਪਰੀਤੇ ਦਾ ਚੰਗਾ ਸੁਭਾਅ ਤੇ ਸੋਹਣਾ ਚਿਹਰਾ ਵੇਖ ਕੇ ਤਾਰਾ ਸਿੰਘ ਬੜਾ ਖੁਸ਼ ਹੋ ਰਿਹਾ ਸੀ। ਆਖਰਕਾਰ ਤਾਰਾ ਸਿੰਘ ਨੇ ਖੁਸ਼ੀ ਦੇ ਮਾਹੌਲ ਵਿਚ ਕਹਿ ਦਿੱਤਾ ਕਿ ਅੱਜ ਆਪਾਂ ਇਕ ਹੋਰ ਖੁਸ਼ੀ ਦੀ ਗੱਲ ਕਰਨੀ ਹੈ। ਤਾਰਾ ਸਿੰਘ ਪਰੀਤੇ ਦੇ ਮਾਮੇ ਨੂੰ ਗੱਲ ਕਰਨ ਵਾਸਤੇ ਬਾਹਰ ਲੈ ਗਿਆ ਅਤੇ ਕਹਿਣ ਲੱਗਾ ਕਿ ਯਾਰ ਆਪਾਂ ਦੋਵੇਂ ਦੋਸਤ ਹਾਂ ਅਤੇ ਆਪਾਂ ਗੂਹੜੀ ਰਿਸ਼ਤੇਦਾਰੀ ਬਣਾ ਲਈਏ। ਪਰੀਤੇ ਦੇ ਮਾਮੇ ਨੇ ਕਿਹਾ ਕਿ ਕਿਵੇਂ? ਤਾਰਾ ਸਿੰਘ ਨੇ ਕਿਹਾ ਕਿ ਮੈਂ ਆਪਣੀ ਲੜਕੀ ਦੀ ਸ਼ਾਦੀ ਪਰੀਤੇ ਨਾਲ ਕਰਨੀ ਚਾਹੁੰਦਾ ਹਾਂ। ਪਰੀਤੇ ਦੇ ਮਾਮੇ ਨੇ ਤਾਰਾ ਸਿੰਘ ਨੂੰ ਘੁੱਟ ਕੇ ਜੱਫੀ ਪਾ ਲਈ। ਪਰੀਤੇ ਦੇ ਮਾਮੇ ਨੂੰ ਪੂਰਾ ਵਿਸ਼ਵਾਸ ਸੀ ਕਿ ਪਰੀਤਾ, ਭੈਣ ਤੇ ਜੀਜਾ ਇਹ ਰਿਸ਼ਤਾ ਜ਼ਰੂਰ ਮਨਜ਼ੂਰ ਕਰ ਲੈਣਗੇ।

ਅੰਦਰ ਵੜਦਿਆਂ ਹੀ ਮਾਮੇ ਨੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਾਰੇ ਹੈਰਾਨ ਹੋ ਗਏ ਕਿ ਐਸੀ ਕਿਹੜੀ ਖੁਸ਼ੀ ਦੀ ਗੱਲ ਕਰਕੇ ਆਏ ਹਨ। ਪਰੀਤੇ ਦੇ ਮਾਮੇ ਨੇ ਮੇਜ਼ ਤੇ ਜ਼ੋਰ ਦੀ ਹੱਥ ਮਾਰਦੇ ਕਿਹਾ ਕਿ ਪਰੀਤੇ ਦੀ ਸ਼ਾਦੀ ਮੇਰੇ ਦੋਸਤ ਤਾਰੀ ਦੀ ਇਕਲੋਤੀ ਬੇਟੀ ਨਾਲ ਹੋਵੇਗੀ। ਤਾਰੀ ਦੀ ਬੇਟੀ ਗੁਰਮੀਤ ਵੀ ਇਹ ਸੁਣ ਕੇ ਖੁਸ਼ੀ ਮਹਿਸੂਸ ਕਰ ਰਹੀ ਸੀ। ਪਰੀਤੇ ਦੇ ਮਾਤਾ ਪਿਤਾ ਵੀ ਬੜੀ ਖੁਸ਼ੀ ਵਿਚ ਹੱਸਣ ਲੱਗ ਪਏ ਅਤੇ ਖੁਸ਼ੀ ਵਿਚ ਹਾਂ ਵੀ ਕਰ ਦਿੱਤੀ। ਪਰੀਤੇ ਦੇ ਪਿਤਾ ਨੇ ਵੀ ਕੁਰਸੀ ਤੋਂ ਉਠ ਕੇ ਤਾਰੀ ਨੂੰ ਜੱਫੀ ਪਾ ਲਈ। ਤਾਰੀ ਨੇ ਘਰ ਪਹੁੰਚ ਕੇ ਸਾਰੀ ਗੱਲ ਆਪਣੀ ਘਰ ਵਾਲੀ ਨੂੰ ਦੱਸ ਦਿੱਤੀ, ਕਿ ਮੈਂ ਆਪਣੀ ਬੇਟੀ ਗੁਰਮੀਤ ਦੀ ਸ਼ਾਦੀ ਆਪਣੇ ਦੋਸਤ ਧਰਮੇ ਦੇ ਭਾਣਜੇ ਨਾਲ ਕਰਨ ਦੀ ਗੱਲ ਕਰਕੇ ਆਇਆ ਹਾਂ। ਗੁਰਮੀਤ ਦੀ ਮੰਮੀ ਬੜੇ ਕਰੋਧ ਵਿਚ ਬੋਲੀ ਕਿ ਮੈਂ ਮੁੰਡਾ ਨਹੀਂ ਵੇਖਿਆ, ਘਰ-ਬਾਹਰ ਨਹੀਂ ਵੇਖਿਆ ਤੁਸੀਂ ਆਪਣੀ ਮਰਜੀ ਨਾਲ ਕਿਵੇਂ ਰਿਸ਼ਤੇ ਦੀ ਗੱਲ ਕਰ ਆਏ ਹੋ। ਤਾਰੀ ਨੇ ਬੜੇ ਪਿਆਰ ਨਾਲ ਆਪਣੀ ਪਤਨੀ ਨਾਲ ਗੱਲਾਂ ਕੀਤੀਆਂ ਅਤੇ ਕਿਹਾ ਕਿ ਮੁੰਡਾ ਸਿਧਾ ਹੀ ਪੁਲੀਸ ਵਿਚ ਥਾਣੇਦਾਰ ਭਰਤੀ ਹੋਇਆ ਹੈ। ਉਹ ਤਾਂ ਕਿਸੇ ਦਿਨ ਨੂੰ ਐਸ.ਐਸ.ਪੀ. ਜਾਂ ਆਈ.ਜੀ. ਬਣ ਜਾਵੇਗਾ। ਮੁੰਡਾ ਵੀ ਬਹੁਤ ਹੀ ਸੋਹਣਾ ਹੈ। ਠੀਕ ਹੈ ਪਰ ਮੈਂ ਜਿੰਨਾ ਚਿਰ ਮੁੰਡਾ ਨਾ ਦੇਖ ਲਵਾਂ ਓਨਾ ਚਿਰ ਮੈਨੂੰ ਰਿਸ਼ਤਾ ਮਨਜ਼ੂਰ ਨਹੀਂ, ਤਾਰੀ ਨੇ ਘਰ ਵਾਲੀ ਨੂੰ ਕਿਹਾ ਕਿ ਮੈਂ ਟੈਲੀਫੋਨ ਕਰ ਦਿੰਦਾ ਹਾਂ ਕਿ ਮੈਂ ਤੇ ਮੇਰੀ ਘਰ ਵਾਲੀ ਅਤੇ ਗੁਰਮੀਤ ਐਤਵਾਰ ਨੂੰ ਮੋਗੇ ਆਉਣਗੇ। ਪਰੀਤੇ ਦੇ ਮਾਤਾ ਪਿਤਾ ਵੀ ਐਤਵਾਰ ਨੂੰ ਛੁੱਟੀ ਹੋਣ ਕਰਕੇ ਘਰ ਹੀ ਰਹਿੰਦੇ ਹਨ। ਤਾਰੀ ਨੇ ਆਪਣੀ ਪਤਨੀ ਨੂੰ ਕਿਹਾ ਕਿ ਗੁਰਮੀਤ ਨੂੰ ਵੀ ਤਿਆਰ ਕਰ ਲੈ ਨਹੀਂ ਫਿਰ ਤੂੰ ਕਹੇਂਗੀ ਕਿ ਗੁਰਮੀਤ ਨੇ ਮੁੰਡਾ ਨਹੀਂ ਵੇਖਿਆ। ਗੁਰਮੀਤ ਨੂੰ ਤਿਆਰ ਹੋਣ ਲਈ ਕਿਹਾ, ਪਰ ਗੁਰਮੀਤ ਨੇ ਕਿਹਾ ਮੰਮੀ ਮੈਂ ਨਹੀਂ ਜਾਣਾ। ਨਹੀਂ ਬੇਟਾ ਤੂੰ ਵੀ ਤੇ ਆਪਣਾ ਵਰ ਵੇਖਣਾ ਹੈ। ਤਾਰੀ ਨੇ ਵੀ ਬੇਟੀ ਨੂੰ ਤਿਆਰ ਹੋਣ ਲਈ ਕਿਹਾ ਪਰ ਗੁਰਮੀਤ ਨੇ ਨਾਂਹ ਕਰ ਦਿੱਤੀ। ਗੁਰਮੀਤ ਨੇ ਮੰਮੀ ਨੂੰ ਕਿਹਾ ਕਿ ਮੇਰਾ ਮੂਡ ਠੀਕ ਨਹੀਂ ਕਿਉਂਕਿ ਰਾਤ ਮੈਨੂੰ ਸੁਪਨਾ ਆਇਆ ਹੈ ਕਿ ਮੇਰੀ ਸਹੇਲੀ ਦੀ ਸਾਡੇ ਘਰ ਵਿਚ ਹੀ ਮੌਤ ਹੋ ਗਈ ਹੈ ਅਸੀਂ ਸਾਰੇ ਬਹੁਤ ਰੋ ਰਹੇ ਹਾਂ। ਜਦੋਂ ਮੈਨੂੰ ਸਵੇਰੇ ਜਾਗ ਆਈ ਤਾਂ ਮੈਂ ਸੱਚੀ-ਮੁੱਚੀ ਰੋ ਰਹੀ ਸੀ। ਮੰਮੀ ਨੇ ਕਿਹਾ ਕਿ ਕੋਈ ਗੱਲ ਨਹੀਂ ਬੇਟਾ ਸੁਪਨੇ ਵਿਚ ਬੜਾ ਕੁਝ ਆਉਂਦਾ ਹੁੰਦਾ ਹੈ। ਮੰਮੀ ਜੀ ਮੈਂ ਪਰੀਤੇ ਨੂੰ ਵੇਖਿਆ ਹੋਇਆ ਹੈ। ਮਾਮੇ ਦੇ ਮੁੰਡੇ ਦੇ ਜਨਮ ਦਿਨ ਤੇ ਆਇਆ ਸੀ। ਮੰਮੀ ਜੀ ਮੈਨੂੰ ਜਿਵੇਂ ਤੁਸੀਂ ਕਹੋਗੇ ਮਨਜ਼ੂਰ ਹੈ। ਤਾਰੀ ਤੇ ਘਰ ਵਾਲੀ ਦੋਵੇਂ ਮੋਗੇ ਪਰੀਤੇ ਦੇ ਘਰ ਪਹੁੰਚ ਗਏ, ਪਰੀਤੇ ਦਾ ਮਾਮਾ ਵੀ ਬੜਾ ਖੁਸ਼ੀ-ਖੁਸ਼ੀ ਵਿਚ ਪਰੀਤੇ ਦੇ ਘਰ ਪਹੁੰਚ ਗਿਆ ਸੀ। ਗੁਰਮੀਤ ਦੀ ਮੰਮੀ ਵੀ ਮੁੰਡੇ ਪਰੀਤੇ ਵੱਲ ਵੇਖ ਕੇ ਬੜੀ ਖੁਸ਼ ਹੋ ਗਈ। ਪਰੀਤੇ ਨੂੰ ਉਥੇ ਹੀ ਪਿਆਰ ਦੇ ਦਿੱਤਾ ਗਿਆ। ਵਿਆਹ ਦੀ ਤਾਰੀਕ ਵੀ ਪੱਕੀ ਕਰ ਲਈ ਗਈ। ਤਾਰੀ ਨੇ ਘਰ ਪਹੁੰਚ ਕੇ ਜ਼ਮਾਨੇ

ਮੁਤਾਬਕ ਸਭ ਰਿਸ਼ਤੇਦਾਰਾਂ ਨੂੰ ਸ਼ਾਦੀ ਦੇ ਕਾਰਡ ਭੇਜ ਦਿੱਤੇ ਗਏ। ਵਿਆਹ ਦੀਆਂ ਤਿਆਰੀਆਂ ਖੂਬ ਹੋ ਰਹੀਆਂ ਸਨ। ਵਿਆਹ ਦਾ ਦਿਨ ਆ ਗਿਆ। ਘਰ ਦੀ ਪੂਰੀ ਸਾਫ-ਸਫਾਈ ਕੀਤੀ ਗਈ ਅਤੇ ਵਧੀਆ ਤਰ੍ਹਾਂ ਦੇ ਸ਼ਮਿਅਨੇ ਤੇ ਕਨਾਤਾਂ ਲਾ ਦਿੱਤੀਆਂ ਗਈਆਂ। ਸਾਰੇ ਰਿਸ਼ਤੇਦਾਰ ਅਤੇ ਸੱਜਣ ਮਿੱਤਰ ਪਹੁੰਚ ਚੁੱਕੇ ਸਨ। ਤਾਰੀ ਹਲਵਾਈਆਂ ਨੂੰ ਵਧੀਆ ਖਾਣੇ ਤਿਆਰ ਕਰਨ ਲਈ ਕਹਿ ਰਿਹਾ ਸੀ। ਤਾਰੀ ਨੇ ਹਲਵਾਈ ਨੂੰ ਵਧੀਆ ਹਲਵਾ ਬਣਾਉਣ ਵਾਸਤੇ ਕਾਜੂ, ਬਦਾਮ ਦੇ ਦਿੱਤੇ। ਹਲਵਾਈ ਨੇ ਤਾਰੀ ਨੂੰ ਕਿਹਾ ਕਿ ਕਾਜੂਆਂ ਦਾ ਰੰਗ ਪੀਲਾ ਪੈ ਗਿਆ ਹੈ। ਕੋਈ ਗੱਲ ਨਹੀਂ ਪਾ ਦੇਵੀਂ ਹਲਵਾ ਸੁਆਦ ਬਣ ਜਾਵੇਗਾ।

ਬਰਾਤ ਦਾ ਸਮਾਂ ਵੀ ਆਉਣ ਦਾ ਹੋ ਚੁੱਕਾ ਸੀ। ਬੈਂਡ ਵਾਜਿਆਂ ਵਾਲੇ ਵੀ ਆਪਣੇ ਬੈਂਡ ਦੇ ਸੁਰਾਂ ਨੂੰ ਹੋਲੀ ਜਿਹਾ ਵਜਾ ਕੇ ਚੈਕ ਕਰ ਰਹੇ ਸਨ। ਦੂਰੋਂ ਹੀ ਇਕ ਮਰੂਤੀ ਵੈਨ ਆਉਂਦੀ ਦਿਸੀ। ਸਾਰੇ ਕਹਿਣ ਲੱਗੇ ਕਿ ਵਿਆਹ ਵਾਲੀ ਗੱਡੀ ਨਹੀਂ। 50 ਕੁ ਗਜ ਤੇ ਆਣ ਕੇ ਵੈਨ ਰੁਕੀ। ਪਰੀਤੇ ਦਾ ਮਾਮਾ ਬਾਹਰ ਨਿਕਲਿਆ ਤੇ ਉਚੀ ਸਾਰੀ ਢਾਹ ਮਾਰੀ। ਸਾਰੇ ਹੀ ਅੱਗੇ ਹੋ ਕੇ ਕੋਲ ਪਹੁੰਚੇ ਤਾਂ ਪਤਾ ਲੱਗਾ ਕਿ ਪਰੀਤਾ ਇਸ ਦੁਨੀਆ ਤੇ ਨਹੀਂ ਰਿਹਾ। ਚੀਕ ਚੰਗਿਆੜ ਪੈ ਗਿਆ ਪਤਾ ਲੱਗਾ ਕਿ ਪਰੀਤੇ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਧਰਮਾ ਤੇ ਤਾਰੀ ਰੋਂਦੇ-ਕੁਰਲਾਉਂਦੇ ਵੈਨ ਵਿਚ ਬੈਠ ਕੇ ਐਕਸੀਡੈਂਟ ਵਾਲੀ ਥਾਂ ਤੇ ਪਹੁੰਚ ਗਏ। ਬਰਾਤ ਨੇ ਤਾਂ ਰੋਣਾ ਹੀ ਸੀ। ਅੰਬਰ ਵਿਚ ਵੀ ਅੱਥਰੂ ਵਹਿ ਰਹੇ ਸਨ। ਉਧਰ ਗੁਰਮੀਤ ਦਾ ਵੀ ਬੁਰਾ ਹਾਲ ਸੀ, ਜਿਸਨੇ ਬੜੇ ਚਾਅ ਨਾਲ ਵਿਆਹ ਵਾਲਾ ਲਾਲ ਸੂਟ ਪਹਿਨਿਆ ਹੋਇਆ ਸੀ। ਲਾਲ ਚੂੜਾ ਵੀ ਰੋ-ਰੋ ਕੇ ਭਿਜ ਚੁੱਕਾ ਸੀ। ਸਹੇਲੀਆਂ ਇਕੱਠੀਆਂ ਰੋ ਰਹਿਆਂ ਸਨ। ਹਲਵਾਈ ਕਾਜੂਆਂ ਵਾਲਾ ਲਿਫਾਫਾ ਫੜ ਕੇ ਹਲਵੇ ਵਿਚ ਪਾਉਣ ਹੀ ਲੱਗਾ ਸੀ, ਹਲਵਾਈ ਨੂੰ ਪਤਾ ਲੱਗਾ ਕਿ ਵਿਆਹ ਵਾਲੇ ਮੁੰਡੇ ਦੀ ਐਕਸੀਡੈਂਟ ਨਾਲ ਮੌਤ ਹੋ ਗਈ ਹੈ। ਹਲਵਾਈ ਨੇ ਕਾਜੂਆਂ ਵਾਲਾ ਲਿਫਾਫਾ ਬੜੇ ਜ਼ੋਰ ਨਾਲ ਸੁੱਟ ਦਿਤਾ ਤੇ ਕਿਹਾ ਕਿ ਇਹ ਕਾਜੂ ਮਨਹੂਸ ਹਨ। ਗੁਰਮੀਤ ਦਾ ਪਿਤਾ ਤਾਰੀ ਵੀ ਥੋੜ੍ਹੇ ਦਿਨਾਂ ਬਾਅਦ ਗਮ ਨਾ ਸਹਾਰਦਾ ਹੋਇਆ ਦੁਨੀਆਂ ਨੂੰ ਅਲਵਿਦਾ ਕਹਿ ਚੁੱਕਾ ਸੀ। ਗੁਰਮੀਤ ਦੀ ਮਾਂ ਵੀ ਆਪਣੇ ਉਤੇ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੀ ਤੇ ਕਦੀ-ਕਦੀ ਸੋਚਦੀ ਕਿ ਇਹ ਭਾਣਾ ਸਾਡੇ ਨਾਲ ਹੀ ਵਾਪਰਨਾ ਸੀ, ਰੱਬ ਕਰੇ ਐਸੀ ਕਿਸੇ ਨਾਲ ਨਾ ਹੋਵੇ।

# ਵਿਰਸਾ ਅਥਵਾ ਵਿਰਾਸਤ

ਵਿਰਸੇ ਅਥਵਾ ਵਿਰਾਸਤ ਦਾ ਬਹੁ-ਪਸਾਰੀ ਹੋਣਾ ਸੁਭਾਵਿਕ ਹੈ। ਪ੍ਰਾਕਿਰਤਕ ਅਥਵਾ ਭੂਗੋਲਿਕ ਵਿਰਸੇ ਵਿੱਚ, ਧਰਤੀ (ਸਮਤਲ, ਪਹਾੜੀ, ਜੰਗਲੀ ਅਥਵਾ ਬੰਜਰ ਜ਼ਮੀਨ) ਅਤੇ ਉਸ ਦੀ ਪੈਦਾਵਾਰ, ਜਿਨਸੀ ਉਪਜ ਅਥਵਾ ਪੌਣ-ਪਾਣੀ ਅਤੇ ਹੋਰ ਸਾਧਨ, ਫਸਲਾਂ, ਨਦੀ-ਨਾਲੇ, ਦਰਿਆ, ਸ਼ਾਮਲ ਕੀਤੇ ਜਾ ਸਕਦੇ ਹਨ। ਲੋਕ-ਵਿਰਸੇ ਵਿੱਚ ਲੋਕਾਂ ਦੇ ਜੀਵਣ ਢੰਗ, ਰੀਤੀ-ਰਿਵਾਜਾਂ, ਖਾਣਾ-ਪੀਣਾ, ਪਹਿਰਾਵਾ, ਰੁਜ਼ਗਾਰ, ਧਰਮ, ਧਾਰਮਿਕ ਅਸਥਾਨ ਆਦਿ ਅਤੇ ਪੁਰਾਤਤਵ ਵਿਰਸੇ ਵਿੱਚ ਇਮਾਰਤਾਂ, ਵਿਦਿਅਕ ਅਦਾਰੇ, ਪੁਰਾਣੇ ਪਹਿਰਾਵੇ, ਜੇਵਰ, ਬਰਤਨ, ਹਥਿਆਰ, ਸੰਦ ਆਦਿ ਲੋਕ-ਪ੍ਰਵਾਹ ਵਿੱਚ ਅਨੇਕਾਂ ਕੀਮਤੀ ਵਸਤਾਂ ਹੁੰਦੀਆਂ ਹਨ। ਪੁਰਾਤਨ ਸੰਸਕ੍ਰਿਤੀ ਦੇ ਮੰਦਿਰ, ਧਾਰਮਿਕ ਸਥਾਨ, ਦੇਵੀ-ਦੇਵਤੇ ਦੈਂਤ (ਰਾਖਸ਼), ਯੰਤਰ-ਮੰਤਰ, ਵੈਦਿਕ-ਸ਼ਾਸਤਰੀ ਸੂਤਰ ਅਤੇ ਗ੍ਰੰਥ ਸਾਡੇ ਵਿਰਸੇ ਦੇ ਕੀਮਤੀ ਅਥਵਾ ਪੈਤ੍ਰਿਕ ਭੰਡਾਰ ਹਨ। ਏਸੇ ਤਰ੍ਹਾਂ ਲੋਕ-ਖੇਡਾਂ, ਲੋਕ ਮਨੋਰੰਜਨ, ਲੋਕ ਗੀਤ, ਲੋਕ ਮੁਹਾਵਰੇ, ਲੋਕ ਨਾਟ, ਲੋਕ ਕਾਵਿ ਸਾਡੇ ਪਿਤਰਾਂ ਦੀਆਂ ਪ੍ਰਾਪਤੀਆਂ ਹਨ ਜਿਨ੍ਹਾਂ ਨੂੰ ਸੁਰੱਖਿਅਤਾ ਪ੍ਰਦਾਨ ਕਰਨ ਵਾਲੇ ਸਾਡੇ ਵਿਚੋਂ ਬਿਰਲੇ ਮਨੁੱਖ ਹੁੰਦੇ ਹਨ। ਵਿਰਸੇ ਨੂੰ ਉਸਾਰਨ, ਅਮੀਰ ਬਣਾਉਣ ਵਾਲੇ ਕਰਮ ਯੋਗੀ ਦੇਵ ਪੁਰਸ਼, ਸੂਰਬੀਰ, ਦਾਰਸ਼ਨਿਕ, ਵਿਦਵਾਨ, ਸਾਹਿਤਕਾਰ, ਗ੍ਰੰਥਕਾਰ, ਗਿਆਨੀ, ਵਿਗਿਆਨੀ, ਸੂਰਮੇ ਯੋਧੇ ਲੋਕ ਹੀ ਹੁੰਦੇ ਹਨ, ਜਿਨ੍ਹਾਂ ਦੀਆਂ ਕਿਰਤਾਂ, ਕੀਰਤੀਆਂ ਪ੍ਰਾਪਤੀਆਂ ਤੋਂ ਅਸੀਂ ਅਨਜਾਣ ਹੁੰਦੇ ਹਾਂ।

ਵਿਰਾਸਤ ਨੂੰ ਪੁਨਰ-ਜੀਵਨ ਕਰਨ ਵਾਲੇ ਲੋਕ ਵੀ ਵਰਤਮਾਨ ਸਮੇਂ ਦੇ ਵਿਦਵਾਨ ਸੂਰਮੇਂ ਸਾਹਸੀ ਅਤੇ ਮਹਾਂ-ਮਾਨਵ ਲੋਕ ਹੁੰਦੇ ਹਨ। ਅਜਿਹੇ ਲੋਕ ਜਦ ਵਿਰਾਸਤ ਦੀ ਸੰਭਾਲ ਕਰਦੇ ਹਨ ਤਾਂ ਅਜਿਹਾ ਕੰਮ ਕਰ ਜਾਂਦੇ ਹਨ, ਜੋ ਇੱਕ ਸੰਸਥਾ, ਵਿਭਾਗ ਜਾਂ ਸਰਕਾਰ ਵੀ ਨਹੀਂ ਕਰ ਸਕਦੀ। ਇਸ ਲਈ ਬਹੁਤ ਮਿਹਨਤ ਯੋਜਨਾ, ਗਿਆਨ, ਸਹਿਜਤਾ ਅਤੇ ਨਿਰੰਤਰਤਾ ਦੀ ਲੋੜ ਹੈ। 'ਇਹ ਕਾਰਜ' ਅਵਿਸਕਾਰ (ਡਿਸਕੱਵਰ) ਕਰਨ ਵਾਂਗ ਕਰਨਾ ਹੁੰਦਾ ਹੈ, ਨਾ ਕਿ ਨਵੀਂ ਕਾਢ ਕੱਢਣ ਵਾਂਗ ਈਜਾਦ ਕਰਨਾ ਹੈ। ਵਿਰਾਸਤ ਦੀ ਹੋਂਦ ਅਥਵਾ ਸਥਾਪਤੀ ਤਾਂ ਕਿਸੇ ਸਮੇਂ ਹੋਈ ਸੀ ਪ੍ਰੰਤੂ, ਸਮੇਂ ਦੀ ਹਨੇਰੀ ਵਿੱਚ ਅਸੀਂ ਉਸ ਨੂੰ ਸੰਭਾਲਣਾ ਹੁੰਦਾ ਹੈ।

ਵਿਰਸੇ ਦੀਆਂ ਅਮੁੱਲ ਦਾਤਾਂ ਵਸਤਾਂ, ਯਾਦਾਂ ਨੂੰ ਮੁੜ ਜੀਵਤ ਕਰਨ ਲਈ ਭਾਵੇਂ ਪੁਰਾਤੱਤਵ ਵਿਭਾਗ ਸਰਕਾਰ ਵੱਲੋਂ ਬਣਾਏ ਗਏ ਹਨ। ਇਤਿਹਾਸ ਲਿਖੇ ਅਤੇ ਲਿਖਵਾਏ ਜਾਂਦੇ ਹਨ, ਪ੍ਰੰਤੂ ਇਨ੍ਹਾਂ ਕਾਰਜਾਂ ਲਈ ਆਪਣੀ ਭਾਸ਼ਾ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਭਾਸ਼ਾ ਰਾਹੀਂ ਅਸੀਂ ਇਤਿਹਾਸ ਲਿਖਦੇ ਹਾਂ, ਆਪਣੀਆਂ ਯਾਦਾਂ, ਤਜ਼ਰਬੇ, ਆਪਣੀਆਂ ਕਾਢਾਂ, ਆਪਣੇ ਅਵਿਸ਼ਕਾਰ ਅਤੇ ਪ੍ਰਾਪਤੀਆਂ ਦਾ ਲਿਖ ਕੇ ਮੂਲਾਂਕਣ ਕਰਦੇ ਹਾਂ।

ਪ੍ਰੰਤੂ ਜਦ ਕੋਈ ਸਾਹਿਤਕਾਰ ਆਪਣੀ ਵਿਰਾਸਤ ਸਬੰਧੀ ਲਿਖਦਾ ਹੈ, ਤਾਂ ਉਹ ਆਪਣੀ ਭਾਸ਼ਾ ਨੂੰ ਕਲਾਤਮਕ ਬਣਾ ਕੇ, ਯਾਦਾਂ ਗਲਪ-ਰੂਪਾਂ ਨਿਬੰਧਾਂ, ਕਵਿ- ਧਾਰਾ ਬਣਾਕੇ ਜਾਂ ਨਾਟਕੀ-ਰੂਪ ਬਣਾ ਕੇ ਪੇਸ਼ ਕਰਦਾ ਹੈ। ਇਤਿਹਾਸ ਲਿਖਣ ਦੀ ਹੋਰ ਤਕਨੀਕ ਹੈ। ਪ੍ਰੰਤੂ ਸਾਹਿਤ ਰਾਹੀਂ ਵਿਰਸੇ ਦੀ ਪੁਨਰ-ਸਥਾਪਤੀ ਕਰਨਾ ਹੋਰ ਵਿਧੀ ਹੈ। ਸਾਹਿਤ, ਇਤਿਹਾਸ ਲਿਖਣ ਵਾਂਗ ਨਹੀਂ ਲਿਖਿਆ ਜਾਂਦਾ। ਇਤਿਹਾਸ ਨੂੰ ਸਾਹਿਤ ਬਣਾ ਕੇ ਪੇਸ਼ ਕਰਨਾ ਪੈਂਦਾ ਹੈ। ਸਾਹਿਤ ਹੋਵੇ, ਇਤਿਹਾਸ ਹੋਵੇ ਜਾਂ ਵਿਰਾਸਤ ਦਾ ਪੁਨਰ-ਸਥਾਪਨ ਹੋਵੇ, ਉਸ ਲਈ ਭਾਸ਼ਾ ਦੇ ਲਿਖਤੀ ਰੂਪ ਦੇ ਅਮਲੀ-ਕਾਰਜਾਂ ਦੀ ਲੋੜ ਅਤਿ ਜ਼ਰੂਰੀ ਹੈ।


ਕਹਾਣੀ

# ਜ਼ਖਮੀ ਬੰਦਾ ਅਤੇ ਉਜੜਿਆ ਹੋਇਆ ਗਿਰਜਾ ਘਰ

## *ਮੈਂ ਮੁਆਫ ਨਹੀਂ ਕਰ ਸਕਦਾ .....ਮੈਂ ਪਿਆਰ ਕਰਦਾ ਹਾਂ*

ਗਿਰਜਾ ਘਰ ਦੀ ਚਾਰ-ਦੀਵਾਰੀ ਮੌਸਮ ਨਾਲ ਖਰਾਬ ਹੋਈ ਪਈ ਸੀ। ਈਸਾ ਮਸੀਹ ਦੀ ਲਾਲ ਫੋਟੋ, ਹੱਥ ਵਿਚ ਉਸਨੇ ਕਰੌਸ ਪਕੜਿਆ ਹੋਇਆ, ਇਕ ਹੱਸਦੇ ਬੱਚੇ ਦਾ ਪੁਰਾਣਾ ਚਿੱਤਰ, ਲਾਲ-ਨੀਲੇ ਰੰਗ ਦਾ ਈਸਾ ਦੀ ਮਾਤਾ ਦਾ ਚਿੱਤਰ, ਰੋਮਨ ਦੇ ਸੈਨਿਕਾਂ ਅਤੇ ਈਸਾ ਮਸੀਹ ਦੇ ਹੱਥ ਬੰਨੇ ਦੇ ਚਿੱਤਰ ਗਿਰਜਾ ਘਰ ਦੀ ਚਾਰ-ਦੀਵਾਰੀ ਉੱਪਰ ਕਿਸੇ ਸਮੁੱਚੇ ਕਲਾਕਾਰ ਨੇ ਬਣਾਏ ਹੋਏ ਸਨ। ਗਿਰਜਾ ਘਰ ਦੀ ਸਾਰੀ ਛੱਤ ਹਨੇਰੀਆਂ ਨਾਲ ਉੱਡ ਚੁੱਕੀ ਸੀ। ਗਿਰਜਾ ਘਰ ਉੱਪਰ ਖੁੱਲ੍ਹਾ ਇਟਲੀ ਦਾ ਨੀਲਾ ਆਕਾਸ਼ ਹੀ ਸੀ। ਬਾਰਸ਼ ਨਾਲ ਦੀਵਾਰਾਂ ਵਿਚ ਮੋਰੀਆਂ ਅਤੇ ਪਲਸਤਰ ਭਰ ਕੇ ਡਿੱਗਿਆ ਹੋਇਆ ਸੀ। ਸਰਕਦੇ ਹੋਏ ਟਿੱਲੇ ਉੱਪਰ ਇਕਲਾ ਗਿਰਜਾ ਘਰ ਹੀ ਸੀ ਜੋ ਸਮੁੰਦਰ ਦੇ ਕਿਨਾਰੇ ਨਾਲ ਚਟਾਨ ਤੇ ਟਿਕਿਆ ਹੋਇਆ ਸੀ। ਸਮੁੰਦਰ ਦੀਆਂ ਲਹਿਰਾਂ ਰੋਜ਼ ਰਾਤ ਨੂੰ ਟਿਲੇ ਦੇ ਪੈਰ ਕੋਲ ਸ਼ਾਂਤ ਖਲੋ ਜਾਂਦੀਆਂ। ਕੁਝ ਲੋਕ ਕਹਿੰਦੇ ਕਿ ਟਾਪੂ ਦੇ ਥੱਲੇ ਵਸਦੇ ਪਾਦਰੀਆਂ ਨੇ ਟਿੱਲੇ ਨੂੰ ਬਣਾਇਆ ਸੀ, ਜੋ ਖ਼ਤਰਨਾਕ ਪਲੇਗ ਦੇ ਰੋਗੀਆਂ ਨੂੰ ਬਚਾਉਣ ਲਈ ਇਥੇ ਪ੍ਰਾਰਥਨਾ ਵਾਸਤੇ ਲਿਆਂਦੇ ਗਏ। ਕੁਝ ਕਹਿੰਦੇ ਕਿ ਮੁਸਾਫ਼ਰ ਪਾਦਰੀਆਂ ਅਤੇ ਤਪੱਸਵੀਆਂ ਦੇ ਪ੍ਰਾਰਥਨਾਂ ਕਰਨ ਲਈ ਇਸ ਨੂੰ ਬਣਾਇਆ ਗਿਆ ਸੀ। ਹੁਣ ਕੋਈ ਵੀ ਪ੍ਰਾਰਥਨਾਂ ਕਰਨ ਜਾਂ ਰੋਗੀਆਂ ਨੂੰ ਬਚਾਉਣ ਲਈ ਨਾ ਆਉਂਦਾ। ਇਸ ਗਿਰਜਾ ਘਰ ਦੇ ਪਿੱਛੇ ਪੁਰਾਣੀ ਰੋਮਨ ਦੀ ਬਣਾਈ ਹੋਈ ਸੜਕ ਲੰਘਦੀ ਹੈ। ਜੇ ਤੁਸੀਂ ਇਸ ਨੂੰ ਪਾਰ ਕਰੋ ਅਤੇ ਇੱਥੇ ਧੁੱਪ ਵਾਲੇ ਦਿਨ ਇਕੱਲੇ ਬੈਠੋ ਤਾਂ ਤੁਸੀਂ ਰੋਮਨ ਸਿਪਾਹੀਆਂ ਦੇ ਠਾਹ-ਠਾਹ ਚੱਲਣ ਦੀ ਆਵਾਜ਼ ਮਹਿਸੂਸ ਕਰ ਸਕਦੇ ਹੋ। ਉਹਨਾਂ ਦੇ ਝਾੜੀਆਂ ਵਿਚ ਘੁਸਣ ਦੀ ਆਵਾਜ ਵੀ ਮਹਿਸੂਸ ਕਰੋਗੇ ਭਾਵੇਂ ਉਸ ਵੇਲੇ ਸੜਕ ਕੱਚੀ ਹੁੰਦੀ ਸੀ। ਹੁਣ ਬਹੁਤ ਚੁੱਪ-ਚਾਪ ਹੈ। ਕਦੀ ਕਦਾਈ ਹੀ ਕਿਸੇ ਕਿਸਾਨ ਦੀ ਲੜਕੀ ਆਪਣੇ ਘੋੜੇ ਤੇ ਬੈਠ ਕੇ ਲੰਘਦੀ ਹੈ ਅਤੇ ਉਸ ਦੇ ਪੈਰਾਂ ਦੀ ਟਪ-ਟਪ ਦੀ ਆਵਾਜ਼ ਤੁਹਾਡੇ ਕੰਨਾਂ ਨੂੰ ਸੁਣਾਈ ਦੇਵੇਗੀ। ਕਦੀ ਕੋਈ ਬੁੱਢੀ ਔਰਤ ਸਿਰ ਤੇ ਘਾਹ ਦੀ ਪੰਡ ਲੈ ਕੇ ਜਾਂਦੀ ਹੋਈ ਅਤੇ ਕਦੀ ਕੁਝ ਗਰੀਬ ਬੰਦੇ ਜੰਗਲ ਵਿਚੋਂ ਬਾਲਣ ਦੀਆਂ ਲੱਕੜੀਆਂ ਸਿਰ ਉੱਪਰ ਰੱਖੀ ਲਿਜਾਂਦੇ ਹੋਏ ਨਜ਼ਰ ਆਉਣਗੇ। ਨਹੀਂ ਤਾਂ ਸਿਰਫ ਗਿਰਜਾ ਘਰ ਇਕਲਾ ਹੀ ਉੱਪਰ ਟਿੱਲੇ ਤੇ ਖੜਾ ਜਿਸ ਦੇ ਪੈਰਾਂ ਤੇ ਸਾਗਰ ਦੀਆਂ ਲਹਿਰਾਂ ਟਕਰਾਉਂਦੀਆਂ ਅਤੇ ਵਾਪਸ ਜਾਂਦੀਆਂ ਨਜ਼ਰ ਆਉਂਦੀਆਂ ਸਨ।

**ਇੰਜ. ਅਮਰੀਕ ਸਿੰਘ**
**ਸ਼ਿਕਾਗੋ**
**ਸਾਬਕਾ ਮੈਂਬਰ**
**ਬੀ.ਬੀ.ਐਮ.ਬੀ.**



ਮੈਂ ਇਕ ਸਰਦੀਆਂ ਦੀ ਦੁਪਹਿਰ ਦੀ ਧੁੱਪ ਵਾਲੇ ਦਿਨ ਰੋਮਨ ਸੜਕ ਵੱਲ ਆਇਆ। ਮੈਂ ਥੱਕਿਆ ਹੋਇਆ ਅਤੇ ਨੀਂਦਰ ਮਹਿਸੂਸ ਕਰ ਰਿਹਾ ਸੀ। ਮੈਂ ਗਿਰਜਾ ਘਰ ਵਿਚ ਅੰਦਰ ਇਕ ਟੁੱਟੀ ਹੋਈ ਬਾਰੀ ਕੋਲ ਖਲੋ ਕੇ ਸਾਗਰ ਵੱਲ ਤੱਕਣ ਲੱਗ ਪਿਆ। ਨੀਲੇ-ਨੀਲੇ ਪਾਣੀ ਦੇ ਬਹੁਤ ਦੂਰ ਦੂਸਰੇ ਪਾਸੇ ਕਸਬੇ ਅਤੇ ਪਿੰਡ ਪਹਾੜ ਦੀ ਢਲਾਣ ਉੱਪਰ ਵਸੇ ਦਿਖਾਈ ਦਿੱਤੇ। ਉਥੇ ਘਰ ਕਈ ਰੰਗਾਂ ਦੇ ਸਨ। ਪਿੱਛੇ ਬਹੁਤ ਉੱਚੇ ਪਹਾੜ ਸਨ। ਪਹਾੜ ਇਵੇਂ ਲਗਦਾ ਕਿ ਜਿਵੇਂ ਮੈਨੂੰ ਬੁਲਾ ਰਹੇ ਹੋਣ, ਪਰ ਉਹਨਾਂ ਤੇ ਮੇਰੇ ਦਰਮਿਆਨ ਕੋਈ ਪੁਲ ਨਹੀਂ ਸੀ ਅਤੇ ਨਾਂ ਹੀ ਕਦੀ ਬਣਾਇਆ ਜਾ ਸਕਦਾ ਸੀ। ਧੁੱਪ ਤੋਂ ਬੱਚਣ ਲਈ ਮੈਂ ਅੱਖਾਂ ਉੱਪਰ ਹੱਥ ਰੱਖੇ ਅਤੇ ਮੁੜ ਪਿਆ ਅਤੇ ਮੈਂ ਉਜੜੇ ਗਿਰਜਾ ਘਰ ਵਿਚ ਜੀਸਸ ਦਾ ਲਾਲ ਰੰਗਿਆ ਚਿੱਤਰ ਕਰੌਸ ਦੇ ਸਾਹਮਣੇ ਦੋਵੇਂ ਹੱਥ ਜੋੜਦਾ ਹੋਇਆ ਬਾਹਰ ਬਰਾਂਡੇ ਵਿਚ ਇਕ ਪੱਥਰ ਤੇ ਬੈਠ ਗਿਆ। ਸਮੁੰਦਰ ਦੀਆਂ ਲਹਿਰਾਂ ਥੱਲੇ ਕਿਨਾਰੇ ਨਾਲ ਟਕਰਾ ਰਹੀਆਂ ਸਨ। ਸਮੁੰਦਰ ਦੇ ਕਿਨਾਰੇ ਅਤੇ ਗਿਰਜਾ ਘਰ ਦੇ ਵਿਚਕਾਰ ਇਕ ਵਾਦੀ ਜਿਸ ਵਿਚ ਚਿੱਟੇ ਘਰਾਂ ਦੀ ਲਾਈਨ ਸੀ, ਜੋ ਹਰੇ-ਹਰੇ ਦਰਖ਼ਤਾਂ ਨਾਲ ਭਰੀ ਹੋਈ ਸੀ। ਮੈਂ ਬਹੁਤ ਥੱਕਿਆ ਹੋਇਆ ਸੀ। ਬਾਹਾਂ ਗੋਡਿਆਂ ਤੇ ਰੱਖ ਲਈਆਂ। ਕੜਕਦੀ ਧੁੱਪ ਨਾਲ ਰੋਮਨ ਸੜਕ ਦੀਆਂ ਇਟਾਂ ਚਮਕ ਰਹੀਆਂ ਸਨ। ਸਮੁੰਦਰ ਦੀਆਂ ਲਹਿਰਾਂ ਦੀ ਆਵਾਜ਼ ਚਟਾਨਾਂ ਨਾਲ ਟਕਰਾਉਣ ਦੀ ਥੱਲੇ ਤਿੰਨ ਸੌ ਫੁੱਟ ਤੋਂ ਆ ਰਹੀ ਸੀ ਅਤੇ ਹਵਾ ਆਰਚੀਸ ਵਿਚੋਂ ਲੰਘਦੀ ਦੀ ਆਵਾਜ਼ ਨਾਲ ਹੀ ਹਰੇ-ਹਰੇ ਰੁੱਖਾਂ ਦੇ ਝੂਲਣ ਦੀਆਂ ਥੱਲਿਉਂ ਆਵਾਜ਼ਾਂ ਵੀ ਆ ਰਹੀਆਂ ਸਨ। ਮੈਂ ਸਿਰ ਗੋਡਿਆਂ ਤੇ ਰੱਖ ਕੇ ਸੌਂ ਗਿਆ ਅਤੇ ਮੈਨੂੰ ਇਕ ਸੁਪਨਾ ਆਇਆ।

**ਮੇਰਾ ਸੁਪਨਾ:-** ਇਕ ਜ਼ਖ਼ਮੀ ਹੋਇਆ ਆਦਮੀ ਚੀਖ਼ ਕੇ ਰੱਬ ਨੂੰ ਪੁਕਾਰ ਰਿਹਾ ਸੀ। ਰੱਬ ਨੇ ਉਸ ਦੀ ਚੀਕ ਸੁਣੀ ਅਤੇ ਰੱਬ ਜੀ ਨੇ ਇਕ ਫਰਿਸ਼ਤੇ ਨੂੰ ਮੱਦਦ ਲਈ ਥੱਲੇ ਧਰਤੀ ਤੇ ਭੇਜਿਆ, ਫਰਿਸ਼ਤਾ ਧਰਤੀ ਤੇ ਜਾ ਕੇ ਮੁੜ ਆਇਆ। ਫਰਿਸ਼ਤੇ ਨੇ ਰੱਬ ਨੂੰ ਵਾਪਸ ਆ ਕੇ ਦੱਸਿਆ ਕਿ, 'ਮੈਂ ਉਸ ਆਦਮੀ ਦੀ ਮੱਦਦ ਨਹੀਂ ਕਰ ਸਕਦਾ।' ਰੱਬ ਨੇ ਕਿਹਾ, 'ਉਸ ਆਦਮੀ ਨੂੰ ਕੀ ਤਕਲੀਫ ਹੈ?' ਫਰਿਸ਼ਤੇ ਨੇ ਕਿਹਾ,"ਉਸ ਆਦਮੀ ਨੂੰ ਕਿਸੇ ਹੋਰ ਸ਼ਕਸ ਜਿਸ ਦਾ ਨਾਮ ਜਾਰਜ਼ ਹੈ, ਨੇ ਅਣਜਾਣੇ ਵਿਚ ਜ਼ਖ਼ਮੀ ਕਰ ਦਿਤਾ ਹੈ। ਜ਼ਖ਼ਮੀ ਆਦਮੀ ਲਗਾਤਾਰ ਇਹ ਕਹਿ ਰਿਹਾ ਹੈ, ਕਿ ਉਹ ਮੁਆਫ ਕਰਨਾ ਚਾਹੁੰਦਾ ਹੈ, ਪਰ ਫਿਰ ਵੀ ਮੁਆਫ ਨਹੀਂ ਕਰ ਸਕਦਾ। ਰੱਬ ਜੀ ਨੇ ਕਿਹਾ, 'ਫਰਿਸ਼ਤੇ ! ਫਿਰ ਤੂੰ ਦਸ, ਜ਼ਖ਼ਮੀ ਆਦਮੀ ਲਈ ਕੀ ਕਰ ਕੇ ਆਇਆ ਹੈ?' ਫਰਿਸ਼ਤੇ ਨੇ

ਕਿਹਾ, 'ਮੈਂ ਜ਼ਖ਼ਮੀ ਆਦਮੀ ਦਾ ਹੱਥ ਫੜ ਕੇ ਕਿਹਾ ਕਿ ਮੇਰੇ ਭਰਾਵਾਂ! ਦੇਖ ਜਾਰਜ਼ ਨੂੰ ਤੂੰ ਪਿਆਰ ਕਰ, ਉਹਦੀ ਸੇਵਾ ਕਰ ਅਤੇ ਇਸਤਰਾਂ ਤੂੰ ਉਸ ਨੂੰ ਮੁਆਫ ਕਰ ਸਕੇਂਗਾ।'

ਜ਼ਖ਼ਮੀ ਆਦਮੀ ਨੇ ਮੈਨੂੰ ਜਵਾਬ ਵਿਚ ਕਿਹਾ ਕਿ,"ਜਾਰਜ਼ ਨੂੰ ਭਾਂਵੇ ਉਹ ਨਫ਼ਰਤ ਕਰਦਾ, ਪਰ ਉਹ ਜਾਰਜ਼ ਨੂੰ ਮੁਆਫ ਕਰਨ ਦੇ ਬਾਵਜੂਦ ਵੀ ਮੁਆਫ਼ ਨਹੀਂ ਕਰ ਸਕਦਾ। ਹਾਂ ਜਾਰਜ਼ ਨੂੰ ਮੈਂ ਤੇਰੀ ਗਲ ਮੰਨ ਕੇ ਪਿਆਰ ਕਰਾਂਗਾ ਪਰ ਉਸ ਨੂੰ ਮੁਆਫ਼ ਨਹੀਂ ਕਰ ਸਕਦਾ!

ਫਰਿਸ਼ਤੇ ਨੇ ਰੱਬ ਜੀ ਨੂੰ ਹੋਰ ਦੱਸਿਆ, ਕਿ ਜਦੋਂ ਮੈਂ ਇਕ ਰਾਤ ਹਨੇਰੇ ਵਿਚ ਉਧਰੋਂ ਲੰਘ ਰਿਹਾ ਸੀ, ਤਾਂ ਮੈਂ ਇਕ ਚੀਖ਼ ਉਸੇ ਜ਼ਖਮੀ ਬੰਦੇ ਦੀ ਸੁਣੀ ਅਤੇ ਜ਼ਖਮੀ ਬੰਦਾ ਕਹਿ ਰਿਹਾ ਸੀ ਕਿ, 'ਮੈਂ ਸਭ ਕੁਝ ਕਰਕੇ ਦੇਖਿਆ ਹੈ। ਕੋਈ ਗੱਲ ਨਹੀਂ ਬਣੀ। ਹੋਏ ਰੱਬਾ! ਮੈਂ ਜਾਰਜ਼ ਨੂੰ ਮੁਆਫ਼ ਨਹੀਂ ਕਰ ਸਕਦਾ। ਉਹ! ਮੈਂ ਨਹੀਂ ਮੁਆਫ਼ ਕਰ ਸਕਦਾ। ਰੱਬਾ ਮੈਂ ਬੜੀ ਬੇ-ਆਰਾਮੀ ਵਿਚ ਹਾਂ।'

ਫਰਿਸ਼ਤੇ ਨੇ ਰੱਬ ਜੀ ਨੂੰ ਹੋਰ ਦੱਸਿਆ ਕਿ ਜ਼ਖਮੀ ਬੰਦੇ ਨੂੰ ਮੈਂ ਸਮਝਾਇਆ ਕਿ, 'ਉਹ ਭਲੇ ਬੰਦੇ ਤੂੰ ਆਪਣੇ ਬਚਪਨ ਤੋਂ ਲੈ ਕਿ ਹੁਣ ਤੱਕ ਆਪਣੇ ਜੀਵਨ ਤੇ ਗੌਰ ਨਾਲ ਹਰ ਘਟਨਾ ਨੂੰ ਦੇਖ ਕੀ ਸਾਰੇ ਬੰਦੇ ਤੇਰੇ ਭਰਾਵਾਂ ਜੈਸੇ ਨਹੀਂ ਹਨ? ਕੀ ਤੂੰ ਕਦੀ ਪਾਪ ਨਹੀਂ ਕੀਤਾ? ਤੂੰ ਕੀ ਇਨਾਂ ਸ਼ੁੱਧ ਹੈ ਕਿ, ਤੈਨੂੰ ਹੱਕ ਹੈ ਕਿ ਤੂੰ ਜਾਰਜ਼ ਨੂੰ ਮੁਆਫ਼ ਹੀ ਨਾ ਕਰ ਸਕੇ?'

ਫਰਿਸ਼ਤਾ ਰੱਬ ਜੀ ਨੂੰ ਕਹਿੰਦਾ ਗਿਆ,"ਜ਼ਖਮੀ ਬੰਦੇ ਨੇ ਦੋਵੇਂ ਹੱਥ ਜੋੜ ਕੇ ਛਾਤੀ ਤੇ ਰੱਖੇ। ਮੈਂ ਸਮਝਿਆ ਹੁਣ ਉਹ ਮੁਆਫ਼ ਕਰ ਦੇਵੇਗਾ। ਅਜੇ ਮੈਂ ਆਪਣੇ ਖੰਭ ਖੋਲੇ ਹੀ ਸਨ, ਤੁਹਾਡੇ ਕੋਲ ਆਉਣ ਲਈ ਕਿ ਮੈਂ ਫਿਰ ਇਕ ਚੀਖ ਜ਼ਖਮੀ ਬੰਦੇ ਦੀ ਸੁਣੀ, 'ਮੈਂ ਨਹੀਂ ਮੁਆਫ਼ ਕਰ ਸਕਦਾ! ਮੈਂ ਨਹੀਂ ਮੁਆਫ਼ ਕਰ ਸਕਦਾ! ਮੈਂ ਨਹੀਂ ਮੁਆਫ਼ ਕਰ ਸਕਦਾ!'

ਫਰਿਸ਼ਤੇ ਨੇ ਰੱਬ ਜੀ ਨੂੰ ਕਿਹਾ,"ਮੈ ਫਿਰ ਉਸ ਕੋਲ ਗਿਆ ਅਤੇ ਕਿਹਾ ਅੱਛਾ ਜੇ ਤੂੰ ਇਸ ਵਿਚ ਖੁਸ਼ ਹੈ, ਤਾਂ ਨਾ ਮੁਆਫ਼ ਕਰ,ਮਰਨਾ ਚਾਹੁੰਦਾ ਹੈ ਤਾਂ ਤੇਰੀ ਮਰਜ਼ੀ। ਸ਼ਾਇਦ ਅਗਲੀ ਦੁਨੀਆਂ ਵਿਚ.......

ਜ਼ਖਮੀ ਆਦਮੀ ਫਿਰ ਚਿਖਿਆ,"ਫਰਿਸ਼ਤੇ ਮੇਰੇ ਕੋਲੋਂ ਚਲਾ ਜਾ, ਤੈਨੂੰ ਕੋਈ ਗਿਆਨ ਨਹੀਂ ਹੈ? ਮੇਰੇ ਲਈ ਅਗਲੀ ਦੁਨੀਆਂ ਕੀ ਚੀਜ਼ ਹੈ! ਮੈਂ ਅੱਜ ਬਾਂਵਰਾ ਹੋ ਗਿਆ ਹਾਂ। ਮੈਨੂੰ ਧੁੱਪ ਨਜ਼ਰ ਨਹੀਂ ਆ ਰਹੀ ਹੈ, ਧੂਲ ਮੇਰੇ ਗਲੇ ਵਿਚ ਹੈ, ਰੇਤ ਮੇਰੀਆਂ ਅੱਖਾਂ ਵਿਚ ਹੈ। ਮੇਰੇ ਕੋਲੋਂ ਚਲਾ ਜਾ, ਤੈਨੂੰ ਕੁਝ ਨਹੀਂ ਪਤਾ! ਮਰਨ ਤੋਂ ਪਹਿਲਾਂ ਮੈਂ ਇਸ ਸੁੰਦਰ ਦੁਨੀਆਂ ਨੂੰ ਫਿਰ ਹੋਰ ਦੇਖਣਾ ਚਾਹੁੰਦਾ ਹਾਂ। ਉਹ ਰੱਬਾ, ਰੱਬਾ, ਮੈਂ ਜੀਉਣਾ ਚਾਹੁੰਦਾ ਹਾਂ ਪਰ ਜਾਰਜ਼ ਨੂੰ ਮੁਆਫ ਨਹੀਂ ਕਰ ਸਕਦਾ ਹਾਂ। ਉਹ ਰੱਬਾ, ਰੱਬਾ, ਰੱਬਾ!

ਫਰਿਸ਼ਤੇ ਨੇ ਕਿਹਾ ਰੱਬ ਜੀ ਮੈਂ ਉਸ ਨੂੰ ਛੱਡ ਕੇ ਆ ਗਿਆ ਹਾਂ।

ਰੱਬ ਜੀ ਬੋਲੇ, 'ਫਰਿਸ਼ਤੇ! ਉਸ ਦੀ ਆਤਮਾ ਨੂੰ ਜ਼ਰੂਰ ਬਚਾਉਣਾ ਹੈ।'

ਫਰਿਸ਼ਤੇ ਨੇ ਕਿਹਾ ਕਿਸ ਤਰ੍ਹਾਂ?

ਰੱਬ ਨੇ ਕਿਹਾ, 'ਥੱਲੇ ਜਾ ਅਤੇ ਉਸ ਨੂੰ ਬਚਾਅ।'

ਫਰਿਸ਼ਤੇ ਨੇ ਕਿਹਾ,"ਥੱਲੇ ਜਾ ਕੇ ਮੈਂ ਹੋਰ ਕੀ ਕਰਾਂ?

ਫਿਰ ਰੱਬ ਨੇ ਝੁਕ ਕੇ ਫਰਿਸ਼ਤੇ ਦੇ ਕੰਨ ਵਿਚ ਕੁਝ ਕਿਹਾ ਅਤੇ ਫਰਿਸ਼ਤਾ ਖੰਭ ਖਿਲਾਰ ਕੇ ਦੁਨੀਆਂ ਵਿਚ ਥੱਲੇ ਆ ਗਿਆ।

ਗਿਰਜਾ ਘਰ ਵਿਚ ਟੁੱਟੇ ਪੱਥਰ ਤੇ ਬੈਠਾ ਮੈਂ ਆਪਣਾ ਸਿਰ ਗੋਡਿਆਂ ਤੇ ਰੱਖਿਆ ਹੋਇਆ ਸੀ ਅਤੇ ਜਾਗ ਪਿਆ। ਮੈਂ ਬੜਾ ਥੱਕ ਗਿਆ ਸੀ। ਮੈਂ ਫਿਰ ਹਵਾ ਦੇ ਬੁੱਲਿਆਂ ਨਾਲ ਉੱਚੇ ਦਰੱਖ਼ਤ ਝੂਲਦੇ ਦੇਖੇ ਅਤੇ ਫਿਰ ਸੌਂ ਗਿਆ।

ਫਰਿਸ਼ਤਾ ਰੱਬ ਜੀ ਦਾ ਹੁਕਮ ਮੰਨ ਕਿ ਫਿਰ ਥੱਲੇ ਆ ਗਿਆ ਅਤੇ ਉਸ ਕੁੜੱਤਣ ਨਾਲ ਭਰੇ ਜ਼ਖਮੀ ਬੰਦੇ ਦਾ ਹੱਥ ਫੱੜ ਕੇ ਉਸਨੂੰ ਇਕ ਨਵੇਕਲੀ ਨੁੱਕਰ ਵੱਲ ਲੈ ਗਿਆ।

ਜ਼ਖਮੀ ਬੰਦੇ ਨੂੰ ਖਿਆਲ ਵੀ ਨਹੀਂ ਸੀ, ਕਿ ਫਰਿਸ਼ਤਾ ਉਸ ਨੂੰ ਐਸੀ ਜਗ੍ਹਾ ਲੈ ਜਾਏਗਾ। ਅਤੇ ਫਰਿਸ਼ਤੇ ਨੇ ਅਪਣੇ ਖੰਭਾਂ ਨਾਲ ਉਸ ਦੀਆਂ ਅੱਖਾਂ ਨੂੰ ਕੱਜ ਦਿੱਤਾ ਅਤੇ ਜਦੋਂ ਖੰਭਾਂ ਨੂੰ ਫਰਿਸ਼ਤੇ ਨੇ ਅੱਖਾਂ ਤੋਂ ਪਰਾਂ ਹਟਾਇਆ ਤਾਂ ਜ਼ਖਮੀ ਬੰਦੇ ਨੂੰ ਇਕ ਆਦਮੀ ਆਪਣੇ ਸਾਹਮਣੇ ਖੜ੍ਹਾ ਨਜ਼ਰ ਆਇਆ, ਕਿਉਂਕਿ ਰੱਬ ਨੇ ਇਸ ਵਾਰੀ ਫਰਿਸ਼ਤੇ ਨੂੰ ਹਰ ਗੱਲ ਦੇ ਸਮਰੱਥ ਬਣਾ ਕੇ ਭੇਜਿਆ ਸੀ। ਫਰਿਸ਼ਤੇ ਨੇ ਉਸ ਆਦਮੀ ਦੀਆਂ ਸਭ ਬਾਹਰਲੀਆਂ ਚੀਜ਼ਾਂ ਨੂੰ ਇਕ-ਇਕ ਕਰਕੇ ਮਿਟਾ ਦਿੱਤਾ, ਜਿਸ ਤਰ੍ਹਾਂ ਕਿ ਰੰਗ, ਉਮਰ, ਨਾ ਇਸਤਰੀ ਨਾ ਮਰਦ ਦਾ ਰੂਪ ਯਾਨੀ ਕਿ ਲਿੰਗ ਰਹਿਤ ਅਤੇ ਫਿਰ ਸ਼ਰੀਰ ਦਾ ਛਾੜ ਆਤਮਾਂ ਤੋਂ ਲਾਹ ਦਿੱਤਾ। ਇਹ ਸਾਰੀਆਂ ਚੀਜ਼ਾਂ ਜਿਸਦੇ ਨਾਲ ਇਕ ਇਨਸਾਨ ਦੂਸਰੇ ਤੋਂ ਭਿੰਨ ਨਜ਼ਰ ਆਉਂਦਾ ਹੈ, ਖਤਮ ਕਰ ਦਿੱਤੀਆਂ। ਸਿਰਫ ਸ਼ੁੱਧ ਰੂਹ ਹੀ ਰਹਿ ਗਈ, ਜਿਸ ਵਿਚੋਂ ਪ੍ਰਕਾਸ਼ ਛਣ-ਛਣ ਕੇ ਬਾਹਰ ਨਿਕਲ ਰਿਹਾ ਸੀ। ਜ਼ਖਮੀ ਬੰਦੇ ਨੇ ਕਿਹਾ, 'ਫਰਿਸ਼ਤੇ ਤੂੰ ਇਸ ਆਦਮੀ ਨੂੰ ਕੀ ਬਣਾ ਦਿੱਤਾ ਹੈ?'

ਫਰਿਸ਼ਤਾ ਬੋਲਿਆ, 'ਮੈਂ ਇਸ ਆਦਮੀ ਦੀ ਦਵੈਤ ਖਤਮ ਕਰਕੇ ਇਸ ਨੂੰ ਅਸਲੀ ਰੂਪ ਵਿਚ ਤੇਰੇ ਸਾਹਮਣੇ ਪੇਸ਼ ਕੀਤਾ ਹੈ। ਇਹ ਸਮਰਥਾ ਮੈਨੂੰ ਐਤਕੀ ਰੱਬ ਜੀ ਨੇ ਦੇ ਕੇ ਭੇਜਿਆ ਹੈ। ਗੌਰ ਨਾਲ ਪਹਿਚਾਨ ਇਹ ਕੌਣ ਹੈ।'

ਜ਼ਖਮੀ ਬੰਦਾ,"ਇਹ ਤੇ ਮੈਂ ਹਾਂ।

ਫਿਰ ਇਕ ਵਾਰੀ ਫਰਿਸ਼ਤੇ ਨੇ ਆਪਣੇ ਖੰਭਾਂ ਨਾਲ ਜ਼ਖਮੀ ਬੰਦੇ ਦੀਆਂ ਅੱਖਾਂ ਨੂੰ ਕੱਜ ਦਿੱਤਾ ਅਤੇ ਜਦੋਂ ਖੰਭਾਂ ਨੂੰ ਫਰਿਸ਼ਤੇ ਨੇ ਅੱਖਾਂ ਤੋ ਹਟਾਇਆ ਤਾਂ ਜ਼ਖਮੀ ਬੰਦੇ ਨੂੰ ਸਾਰੇ ਇਨਸਾਨ ਇਕੋ ਜਿਹੇ ਪ੍ਰਕਾਸ਼ ਖਿਲਾਰਦੇ ਨਜ਼ਰ ਆਉਣ ਲੱਗ ਪਏ।

ਜ਼ਖਮੀ ਬੰਦੇ ਨੇ ਅੱਗੇ ਹੋ ਕੇ ਇਹ ਸਭ ਤੱਕਿਆ। ਅਤੇ ਫਰਿਸ਼ਤੇ ਨੂੰ ਕਿਹਾ, "'ਇਹ ਕੀ ਹੈ।'

ਜ਼ਖਮੀ ਬੰਦਾ ਫਰਿਸ਼ਤੇ ਨੂੰ ਕਹਿੰਦਾ ਗਿਆ, 'ਬੜੀ ਅਜੀਬ ਗੱਲ ਹੈ ਕਿ ਮੈਂ ਆਪਣਾ ਬੀਤ ਚੁੱਕਾ ਸਮਾਂ, ਬਚਪਨ, ਛੋਟੇ ਮੂੰਹ ਨਾਲ ਦੁੱਧ ਪੀਂਦਾ, ਪਾਣੀ ਦਾ ਕੱਪ ਫੜਦਾ ਜੋ ਮੇਰੇ ਕੋਲੋ ਛਲਕ ਜਾਂਦਾ, ਛੋਟੀ ਜਹੀ ਮੇਰੀ ਧੜਕਦੀ ਜ਼ਿੰਦਗੀ, ਮੇਰਾ ਉੱਠ ਕੇ ਚੱਲਣਾ ਅਤੇ ਫਿਰ ਡਿਗਣਾ, ਰੋਣਾ ਅਤੇ ਚੱਲਣਾ ਸਿਖਣਾਂ, ਮੇਰੀ ਜਵਾਨੀ, ਮੇਰੀਆਂ ਅਧੂਰੀਆਂ ਖਵਾਹਿਸ਼ਾਂ ਪੂਰੀਆਂ ਨਾ ਹੋਈਆਂ, ਮੇਰੀ ਅੰਧੀ ਅਗਿਆਨਤਾ, ਮੇਰਾ ਵਿਵੇਕ, ਮੇਰਾ ਫਿਰ ਇਸ ਭੁਲੇਖੇ

ਦਾ ਦੂਰ ਹੋਣਾ, ਜਦੋਂ ਠੇਡੇ ਨਾਲ ਧਰਤੀ ਤੇ ਡਿੱਗ ਪੈਣਾ ਅਤੇ ਮੂੰਹ ਧੁੰਦਲ ਨਾਲ ਭਰ ਜਾਣਾ, ਕਮਜ਼ੋਰ ਸਮਝਣਾ ਅਤੇ ਹੋਰ ਕਈ ਕੁਝ ਮੈਨੂੰ ਸਾਫ਼ ਨਜ਼ਰ ਆਏ ਹਨ....'

ਜ਼ਖਮੀ ਬੰਦਾ ਬੋਲਦਾ ਗਿਆ,"ਇਹ ਤੇ ਮੈਂ ਖੁਦ ਹਾਂ! ਫਿਰ ਉਹ ਅੱਗੇ ਨੂੰ ਹੋਰ ਝੁੱਕਿਆ ਅਤੇ ਅਪਣੇ ਦਿਲ ਨੂੰ ਉਹਦੇ ਨਾਲ ਲਗਾਉਣ ਦੀ ਕੋਸ਼ਿਸ਼ ਕੀਤੀ ਪਰ ਫਰਿਸ਼ਤੇ ਨੇ ਰੋਕ ਲਿਆ ਅਤੇ ਆਪਣਿਆਂ ਖੰਭਾਂ ਨਾਲ ਫਿਰ ਉਹਦੀਆਂ ਅੱਖਾਂ ਢੱਕ ਦਿੱਤੀਆਂ। ਰੱਬ ਜੀ ਦੀ ਦਿੱਤੀ ਸਮਰੱਥਾ ਨਾਲ ਫਰਿਸ਼ਤੇ ਨੇ ਜ਼ਖਮੀ ਬੰਦੇ ਨੂੰ ਵਕਤ, ਜਗ੍ਹਾ ਸਾਰੇ ਹਾਲਾਤਾਂ ਤੋਂ ਮੁਕਤ ਕਰ ਦਿੱਤਾ। ਇਸ ਨਾਲ ਜ਼ਖਮੀ ਬੰਦੇ ਨੂੰ ਆਪਣੀ ਇਕਲੀ ਜ਼ਿੰਦਗੀ ਦੀ ਜਗ੍ਹਾ ਸਾਰੀ ਕਾਏਨਾਤ ਦੀ ਜ਼ਿੰਦਗੀ ਮਹਿਸੂਸ ਹੋਣ ਲੱਗੀ। ਇਕ ਵਾਰੀ ਹੋਰ ਫਰਿਸ਼ਤੇ ਨੇ ਆਪਣੇ ਖੰਭਾਂ ਨਾਲ ਜ਼ਖਮੀ ਬੰਦੇ ਦੀਆਂ ਅੱਖਾਂ ਨੂੰ ਕੱਜ ਕੇ ਖੰਭਾਂ ਨੂੰ ਅੱਖਾਂ ਤੋਂ ਹਟਾ ਲਿਆ।

ਜ਼ਖਮੀ ਬੰਦੇ ਨੇ ਆਪਣੇ ਸਾਹਮਣੇ ਇਕ ਛੋਟੇ ਜਿਹੇ ਜ਼ਰੇ ਨੂੰ ਗੌਰ ਨਾਲ ਦੇਖਿਆ ਜੋ ਕਿ ਸਾਰੀ ਕਾਇਨਾਤ ਦਰਸਾ ਰਿਹਾ ਸੀ, ਦੂਰ ਦਰਾਡੇ ਸਿਤਾਰੇ, ਖੰਡ, ਬ੍ਰਹਿਮੰਡ ਲੁਕਾਈ ਬੈਠਾ ਸੀ ਅਤੇ ਕਿਸਤਰਾਂ ਕੋਈ ਛੋਟਾ ਬੀਜ ਧਰਤੀ ਵਿਚੋਂ ਨਿਕਲਦਾ ਜਿਸਨੂੰ ਕੋਈ ਅੱਖ ਨਹੀਂ ਦੇਖ ਸਕਦੀ ਜ਼ਖਮੀ ਬੰਦੇ ਨੇ ਉਹ ਬੀਜ ਵੀ ਧਰਤੀ ਦੇ ਵਿਚ ਵੇਖਿਆ ਅਤੇ ਇਹ ਵੀ ਵੇਖਿਆ ਕਿ ਉਹ ਬਾਹਰ ਆ ਕੇ ਕਿਸਤਰਾਂ ਫਲਦਾ-ਫੁਲਦਾ ਵੱਡਾ ਦਰਖ਼ਤ ਬਣਦਾ ਹੈ। ਉਸਨੇ ਇਹ ਵੀ ਵੇਖਿਆ ਕਿਸ ਤਰ੍ਹਾਂ ਪੁਰਸ਼ ਦਾ ਸਪਰਮ ਔਰਤ ਦੇ ਅੰਡੇ ਨਾਲ ਮਿਲ ਕੇ ਨੰਨਾ ਬੱਚਾ ਬਣਦਾ ਹੈ। ਤੇ ਕਿਸ ਤਰ੍ਹਾਂ ਸੋਹਣੇ ਫੁੱਲ ਬਣਦੇ ਹਨ, ਕਿਸ ਤਰ੍ਹਾਂ ਕਾਹੀ ਰੋੜਿਆਂ ਨਾਲ, ਕੀੜਿਆਂ ਨਾਲ, ਲਾਈਕਨ ਨਾਲ ਮਿਲ ਕੇ ਜ਼ਬਰਦਸਤ ਚਟਾਨ ਬਣਦੀ ਹੈ। ਇਹ ਸਭ ਕੁਝ ਜ਼ਖਮੀ ਬੰਦੇ ਨੇ ਅਜੀਬ ਤੁਅਜੱਬ ਅਤੇ ਅਸਚਰਜਤਾ ਨਾਲ ਦੇਖਿਆ ਅਤੇ ਦੇਖਦਾ ਗਿਆ।

ਫਰਿਸ਼ਤੇ ਨੇ ਉਸ ਨੂੰ ਛੂਹਿਆ।

ਪਰ ਜ਼ਖਮੀ ਬੰਦਾ ਦੇਖਦਾ ਰਿਹਾ।

ਜ਼ਖਮੀ ਆਦਮੀ ਨੇ ਆਪਣਾ ਸਿਰ ਝੁਕਾਇਆ ਅਤੇ ਮੋਢੇ ਛੰਡਦਾ ਰਿਹਾ। ਉਸ ਨੇ ਹੌਲੀ ਜੇਹੀ ਆਵਾਜ਼ ਕੱਢੀ......."ਕੀ ਇਹ ਰੱਬ ਹੈ!

ਫਿਰ ਫਰਿਸ਼ਤੇ ਨੇ ਜ਼ਖਮੀ ਆਦਮੀ ਕੋਲੋਂ ਇਹ ਸਾਰੀ ਸ਼ਕਤੀ ਵਾਪਸ ਲੈ ਕੇ ਉਸ ਨੂੰ ਪਹਿਲੀ ਸ਼ਕਲ ਵਿਚ ਲੈ ਆਇਆ ਜੋ ਉਹ ਸੀ।

ਫਰਿਸ਼ਤੇ ਨੇ ਕਿਹਾ, 'ਕੀ ਤੂੰ ਉਸ ਆਦਮੀ ਨੂੰ ਜਿਸ ਨੇ ਤੈਨੂੰ ਜ਼ਖਮੀ ਕੀਤਾ ਹੈ, ਉਸ ਨੂੰ ਮੁਆਫ ਕਰ ਦਿੱਤਾ ਹੈ?'

ਪਰ ਜ਼ਖਮੀ ਬੰਦੇ ਨੇ ਕਿਹਾ,"ਕਿੰਨਾ ਸੁੰਦਰ ਹੈ ਮੇਰਾ ਭਰਾ ਜਾਰਜ਼!'

ਫਰਿਸ਼ਤੇ ਨੇ ਜਾਰਜ਼ ਅਤੇ ਜ਼ਖਮੀ ਬੰਦੇ ਦੋਨਾਂ ਵੱਲ ਵੇਖਿਆ ਹਲਕੀ ਸੁੰਦਰ ਮੁਸਕਾਨ ਨਾਲ ਉੱਡਦਾ ਹੋਇਆ ਰੱਬ ਕੋਲ ਵਾਪਸ ਚਲਾ ਗਿਆ।

ਦੋਨੋ ਜਾਰਜ਼ ਅਤੇ ਜ਼ਖਮੀ ਬੰਦਾ ਧਰਤੀ ਤੇ ਇਕੱਠੇ ਪਿਆਰ ਨਾਲ ਰਹਿਣ ਲੱਗੇ।

ਮੈਂ ਜਾਗ ਪਿਆ।

ਨੀਲਾ-ਨੀਲਾ ਆਕਾਸ਼ ਮੇਰੇ ਸਿਰ ਦੇ ਉੱਪਰ ਸੀ। ਪਹਿਲਾਂ ਦੀ ਤਰ੍ਹਾਂ ਸਾਗਰ ਦੀਆਂ ਲਹਿਰਾਂ ਥੱਲੇ ਕੰਢੇ ਨਾਲ ਟਕਰਾ ਰਹੀਆਂ ਸਨ। ਮੈਂ ਉਸ ਢੱਠੇ ਹੋਏ ਗਿਰਜਾ ਘਰ ਵਿਚੋਂ ਚੱਲਦਾ ਬਾਹਰ ਆ ਗਿਆ। ਚਾਰ ਦੀਵਾਰੀ ਦੀਆਂ ਕੰਧਾਂ ਉਪੱਰ ਮੈਂ ਫਿਰ ਵੇਖਿਆ ਮੈਡੋਨਾ ਦਾ ਚਿੱਤਰ,ਈਸਾ ਮਸੀਹ ਦੀ ਲਾਲ ਫੋਟੋ ਹੱਥ ਵਿਚ ਉਸ ਨੇ ਕਰੋਸ ਪਕੜਿਆ ਹੋਇਆ, ਰੋਮਨ ਫੌਜੀ ਹੱਥ ਵਿਚ ਡੰਡਾ ਪਕੜੀ, ਬੈਂਬਿਨੋਂ ਕਪੜੇ ਲਪੇਟੀ ਈਸਾ ਮਸੀਹ ਦੀ ਸੁੰਦਰ ਮੂਰਤੀ ਦਾ ਚਿੱਤਰ ਜਿਸ ਨੂੰ ਕਰਿਸਮਿਸ ਵਾਲੇ ਦਿਨ ਗਿਰਜਾ ਘਰਾਂ ਵਿੱਚ ਵਿਖਾਇਆ ਜਾਂਦਾ ਹੈ। ਸੜਕ ਦੇ ਦੋਵੇਂ ਕਿਨਾਰਿਆਂ ਉੱਪਰ ਹਰੇ ਉੱਚੇ ਦਰਖ਼ਤ, ਹਰੇ ਤੇ ਕਾਲੇ ਰੰਗਾਂ ਦੇ ਬੇਰਾਂ ਨਾਲ ਲਦੀਆਂ ਝਾੜੀਆਂ, ਆਸਮਾਨ ਨੂੰ ਛੂਹਦੇਂ ਸਫੈਦਿਆਂ ਦੇ ਦਰਖ਼ਤ, ਪੱਥਰ ਦੀ ਦੀਵਾਰ ਵਿਚੋਂ ਵਿਕਲੇ ਹੋਏ ਛੋਟੇ-ਛੋਟੇ ਬਰਫ਼ ਦੇ ਪੌਦੇ ਦਿਖਾਈ ਦਿੱਤੇ।

ਮੈਨੂੰ ਲੱਗਾ ਕਿ ਮੇਰੇ ਸੌਣ ਦੁਰਾਨ ਬਾਰਸ਼ ਪਈ ਹੋਵੇਗੀ। ਮੈਨੂੰ ਲੱਗਾ ਕਿ ਇਹੋ ਜਿਹਾ ਸੁੰਦਰ ਆਕਾਸ਼ ਅਤੇ ਧਰਤੀ ਮੈਂ ਪਹਿਲੀ ਵਾਰ ਵੇਖ ਰਿਹਾ ਹਾਂ। ਮੈਂ ਸੜਕ ਤੋਂ ਥੱਲੇ ਉੱਤਰ ਆਇਆ। ਮੇਰੀ ਕਈ ਸਾਲਾਂ ਦੀ ਸਰੀਰਕ ਥਕਾਵਟ ਗਾਇਬ ਹੋ ਗਈ ਅਤੇ ਮੈਂ ਬੱਚਿਆਂ ਦੀ ਤਰ੍ਹਾਂ ਫੁਦਕਦਾ ਟੱਪਦਾ ਚੱਲ ਰਿਹਾ ਸੀ।


ਇਸ ਵਕਤ ਇਕ ਕਿਸਾਨ ਦੇ ਲੜਕੇ ਦੇ ਪਿੱਛੇ ਉਸ ਦਾ ਘੋੜਾ ਜਿਸ ਦੇ ਦੋਵੇਂ ਪਾਸੇ ਦੋ ਵੱਡੇ ਡਲੇ ਲੱਦੇ ਹੋਏ ਸਨ। ਉਸ ਰਾਸਤੇ ਤੇ ਆ ਰਹੇ ਸਨ। ਉਹ ਮੇਰੇ ਤੋਂ ਥੋੜ੍ਹੇ ਅੱਗੇ ਸਨ। ਮੈਂ ਉਸ ਨੂੰ ਕਦੇ ਪਹਿਲਾਂ ਨਹੀਂ ਸੀ ਦੇਖਿਆ, ਪਰ ਮੇਰਾ ਜੀਅ ਕਰਦਾ ਸੀ, ਉਸਦੇ ਨਾਲ-ਨਾਲ ਉਹਦਾ ਹੱਥ ਫੜ ਕੇ ਚਲਣ ਨੂੰ, ਉਸ ਲੜਕੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ!**

# ਪੰਜਾਬ ਕਲਾ ਭਵਨ 'ਚ ਰੌਸ਼ਨੀ ਤੇ ਆਵਾਜ਼ ਦੀ ਪੇਸ਼ਕਾਰੀ

## 'ਗੁਰੂ ਲਾਧੋ ਰੇ' ਦਰਸ਼ਕਾਂ ਨੇ ਉਤਸੁਕਤਾ ਨਾਲ ਮਾਣੀ

**ਚੰਡੀਗੜ੍ਹ**, 15 **ਦਸੰਬਰ** (**ਅਜਾਇਬ ਸਿੰਘ ਔਜਲਾ**) - 'ਰਸਮਾ ਇੰਟਰਪ੍ਰਾਈਜਜ਼ ਐਂਡ ਯੁਗੰਤਰ ਆਰਟਸ' ਵਲੋਂ ਪੰਜਾਬ ਕਲਾ ਭਵਨ ਵਿਖੇ ਰੌਸ਼ਨੀ ਅਤੇ ਆਵਾਜ਼ ਦੀ ਪੇਸ਼ਕਾਰੀ 'ਗੁਰੂ ਲਾਧੋ ਰੇ' ਪੇਸ਼ ਕੀਤੀ ਗਈ। ਪ੍ਰਤਿਭਾਵਨ ਵਿਰਦੇਸ਼ਕ ਅਤੇ ਆਦਾਕਾਰ ਚਰਨਜੀਤ ਲੁਬਾਣਾ ਦੀ ਨਿਰਦੇਸ਼ਨਾ ਵਿਚ ਮਾਣ ਅਤੇ ਸਿੱਖ ਇਤਿਹਾਸ ਨੂੰ ਦਰਸਾਉਂਦੀ ਇਸ ਪੇਸ਼ਕਾਰੀ ਨੂੰ ਦਰਸ਼ਕਾਂ ਨੇ ਉਤਸੁਕਤਾ ਨਾਲ ਮਾਣਿਆ। ਅਸ਼ਵਨੀ ਕੁਮਾਰ ਸਾਵਨ ਦੁਆਰਾ ਲਿਖੇ ਇਸ ਨਾਟਕ ਨੂੰ 16 ਕਲਾਕਾਰਾਂ ਵਲੋਂ ਆਪਣੀਆਂ ਵੱਖ-ਵੱਖ ਭੂਮਿਕਾਵਾਂ ਨੂੰ ਸ਼ਿੱਦਤ ਨਾਲ ਨਿਭਾਅ ਕੇ ਇਸ ਨਾਟਕ ਨੂੰ ਦਰਸ਼ਕਾਂ ਦੇ ਦਿਲਾਂ ਵਿਚ ਇਕ ਅਮਿੱਟ ਛਾਪ ਛੱਡਣ ਦੇ ਸਮਰੱਥ ਵੀ ਬਣਾਇਆ। ਨਾਟਕ ਦੀ ਕਹਾਣੀ 1664 ਤੋਂ ਸ਼ੁਰੂ ਹੁੰਦੀ ਦਰਸਾਈ ਗਈ ਜਦੋਂ ਗੁਰੂ ਘਰ ਦਾ ਇਕ ਸ਼ਰਧਾਲੂ ਗੁਜਰਾਤ ਦਾ ਵਸਨੀਕ ਵਪਾਰੀ ਭਾਈ ਮੱਖਣ ਸ਼ਾਹ ਲੁਬਾਣਾ ਆਪਣੇ ਕੀਮਤੀ ਵਸਤਾਂ ਦਾ ਭਰਿਆ ਸਮੁੰਦਰੀ ਜਹਾਜ਼ ਲੈ ਕੇ ਵਿਦੇਸ਼ਾਂ ਵਿਚ ਜਾਣ ਦੇ ਦ੍ਰਿਸ਼ ਤੋਂ ਇਸ ਪੇਸ਼ਕਾਰੀ ਦੀ ਸ਼ੁਰੂਆਤ ਕੀਤੀ ਗਈ। ਨਾਟਕ ਵਿਚ ਨਾਟਕ ਦੇ ਨਿਰਦੇਸ਼ਕ ਅਤੇ ਅਦਾਕਾਰ ਚਰਨਜੀਤ ਸਿੰਘ ਲੁਬਾਣਾ, ਗਿੰਦਾ ਔਜਲਾ, ਅਦਾਕਾਰਾ ਕਿਰਨਜੀਤ ਕੌਰ ਦੀ ਭੂਮਿਕਾ ਜਿੱਥੇ ਸਲਾਹੁਣਯੋਗ ਰਹੀ ਉੱਥੇ ਗੁਰਪ੍ਰੀਤ ਧਾਲੀਵਾਲ, ਪਾਰਸ ਜੋਸ਼ੀ, ਮਨਜੀਤ ਮਟੌਰ, ਤਜਿੰਦਰ ਜੋਸ਼ੀ, ਜਸਵਿੰਦਰ ਸਿੰਘ, ਇੰਦਰਜੀਤ ਸਿੰਘ, ਜਗਮੋਹਨ ਸਹੋਤਾ ਆਦਿ ਵਲੋਂ ਵੀ ਨਿਭਾਏ ਵੱਖ-ਵੱਖ ਕਿਰਦਾਰ ਨਾਟਕ ਦੀ ਦਿੱਖ ਨੂੰ ਨਿਖਾਰਨ ਵਿਚ ਅਹਿਮ ਰਹੇ। ਪਿਛੋਕੜ ਤੋਂ ਸੰਗੀਤਕਾਰ ਹਰਪਾਲ ਸੁਨੇਹੀ ਦਾ ਸੰਗੀਤ, ਗਾਏ ਸ਼ਬਦ ਅਤੇ ਵਾਰਾਂ ਵੀ ਇਸ ਵਾਟਕ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਅਹਿਮ ਰਹੀਆਂ। ਇਸ ਮੌਕੇ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਟੈਗੋਰ ਥੀਏਟਰ ਚੰਡੀਗੜ੍ਹ ਦੇ ਡਾਇਰੈਕਟਰ ਸ੍ਰੀ. ਬਲਕਾਰ ਸਿੱਧੂ, ਸ. ਭਗਤ ਸਿੰਘ ਆਈ.ਏ.ਐਸ. (ਰਿਟਾ) ਅਤੇ ਫ਼ਿਲਮਾਂ, ਥੀਏਟਰ ਦੇ ਅਦਾਕਾਰ ਸ਼੍ਰੀ. ਪ੍ਰਵੇਸ ਸੇਠੀ ਆਦਿ ਵਲੋਂ ਵੀ ਸ਼ਮੂਲੀਅਤ ਕੀਤੀ ਗਈ।



**(ਰੌਸ਼ਨੀ ਅਤੇ ਆਵਾਜ਼ ਦੀ ਪੇਸ਼ਕਾਰੀ 'ਗੁਰੂ ਲਾਧੋ ਰੇ' ਦੌਰਾਨ ਪੰਜਾਬ ਕਲਾ ਭਵਨ ਵਿਖੇ ਪੇਸ਼ਕਾਰੀ ਦਿੰਦੇ ਕਲਾਕਾਰ)**
**ਤਸਵੀਰ: ਗੁਰਿੰਦਰ ਸਿੰਘ**

# ਸ਼ੋਕ ਸਮਾਚਾਰ



ਸਮੁੱਚੇ ਭਾਈਚਾਰੇ ਸਮਾਜ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਲਈ ਬੜੀ ਦੁਖਦਾਈ ਖ਼ਬਰ ਹੈ ਕਿ ਇਕ ਬਹੁਪੱਖੀ ਸ਼ਖਸ਼ੀਅਤ 'ਸ. ਗੁਰਬਚਨ ਸਿੰਘ ਸੀਨੀਅਰ ਮੈਨੇਜਰ ਫਾਇਨਾਂਸ' ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਸ.ਗੁਰਬਚਨ ਸਿੰਘ ਦਾ ਜਨਮ 05/04/1940 ਨੂੰ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਦਾ ਪਰਿਵਾਰ ਪਿੰਡ ਸਲੇਮਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆ ਵਸਿਆ। ਇਹ ਘਰ ਵਿਚ ਸਭ ਤੋਂ ਵੱਡੇ ਹੋਣ ਕਾਰਨ ਘਰ ਦੀਆਂ ਜ਼ਿੰਮੇਵਾਰੀਆਂ ਇਨ੍ਹਾਂ ਬਚਪਨ ਵਿਚ ਹੀ ਸੰਭਾਲ ਲਈਆਂ ਸਨ। ਉਹਨਾਂ ਦੀ ਦਿਲਚਸਪੀ ਤਕਨੀਕੀ ਕੰਮਾਂ ਵੱਲ ਸੀ, ਪਰ ਆਪਣੇ ਪਿਤਾ ਜੀ ਦੇ ਆਦੇਸ਼ ਤੇ ਆਪ ਨੇ ਨੋਨ-ਮੈਡੀਕਲ (ਕਾਲਜ ਟਾਂਡਾ ਹੁਸ਼ਿਆਰਪੁਰ) ਵਿਚ ਦਾਖਲਾ ਲੈ ਲਿਆ। ਹੁਸ਼ਿਆਰ ਹੋਣ ਕਾਰਨ ਆਪ ਜੀ ਦੀ ਫੀਸ ਵੀ ਮੁਆਫ਼ ਕਰ ਦਿੱਤੀ ਗਈ ਸੀ ਅਤੇ ਵਜ਼ੀਫਾ ਵੀ ਮਿਲਦਾ ਸੀ। ਘਰ ਦੀਆਂ ਮਜਬੂਰੀਆਂ ਕਾਰਨ ਕਾਲਜ ਦੀ ਪੜ੍ਹਾਈ ਅਧੂਰੀ ਰਹਿ ਗਈ। ਆਪ ਜੀ ਨੂੰ 1960 ਵਿਚ ਸਰਕਾਰੀ ਨੌਕਰੀ ਡਾਇਰੈਕਟਰ ਇੰਡਸਟਰੀਸ ਵਿਚ ਮਿਲ ਗਈ ਅਤੇ ਤਿੰਨ ਸਾਲ ਬਾਅਦ 1963 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਨੌਕਰੀ ਮਿਲ ਗਈ। ਇਸ ਤੋਂ ਬਾਅਦ 01/01/1990 ਨੂੰ ਪੰਜਾਬ ਸਿੱਖਿਆ ਬੋਰਡ ਵਿਚ ਭੇਜ ਦਿੱਤਾ ਗਿਆ ਅਤੇ 30/04/1998 ਵਿਚ ਬਤੌਰ ਸਹਾਇਕ ਸੈਕਰੇਟਰੀ ਸੇਵਾ ਮੁਕਤ ਹੋ ਗਏ। ਸੇਵਾ ਮੁਕਤ ਉਪਰੰਤ ਆਪ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵਿਚ ਬਤੌਰ ਸੀਨੀਅਰ ਮੈਨੇਜਰ ਤੈਨਾਤ ਹੋ ਗਏ ਅਤੇ ਲੰਬਾ ਸਮਾਂ ਭਵਨ ਦੀ ਨਿਸ਼ਕਾਮ ਸੇਵਾ ਕੀਤੀ। ਉਹਨਾਂ ਦੇ ਸਦੀਵੀ ਵਿਛੋੜੇ ਕਾਰਨ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਨੂੰ ਵੀ ਬਹੁਤ ਘਾਟਾ ਪਿਆ ਹੈ। ਉਨ੍ਹਾਂ ਆਪਣੀ ਸਿਹਤ ਦੀ ਵੀ ਪਰਵਾਹ ਨਾ ਕਰਦੇ ਹੋਏ ਭਵਨ ਦੀ ਸੇਵਾ ਕੀਤੀ।

ਉਨ੍ਹਾਂ ਨੇ ਇਮਾਨਦਾਰੀ ਨਾਲ ਆਪਣੀਆਂ ਸੰਸਾਰਕ ਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਆਪਣੀ ਸੰਸਾਰਕ ਯਾਤਰਾ ਪੂਰੀ ਕੀਤੀ। ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਕੇ ਆਪਣੇ ਪੈਰਾਂ ਤੇ ਖੜ੍ਹਾ ਕੀਤਾ। ਫਾਉਂਡੇਸ਼ਨ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਉਨ੍ਹਾਂ ਦੀ ਆਤਮਾ ਨੂੰ ਪ੍ਰਮਾਤਮਾ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਜਗੀਰ ਸਿੰਘ ਲਾਲੀਆ**

**(ਪ੍ਰਧਾਨ ਬਾਬਾ ਮੱਖਣ ਸਾਹ ਲੁਬਾਣਾ ਫਾਉਂਡੇਸ਼ਨ)**

# ਸ਼ੋਕ ਸਮਾਚਾਰ

# ਆਹ ! ਸ .ਤਰਲੋਕ ਸਿੰਘ ਜੀ !



ਸ. ਤਰਲੋਕ ਸਿੰਘ ਜੀ, ਰਿਟਾਇਰਡ ਸੀਨੀਅਰ ਮੈਨੇਜਰ, ਪੰਜਾਬ ਐਂਡ ਸਿੰਧ ਬੈਂਕ ਸੰਗੀਨ ਬੀਮਾਰੀ ਨਾਲ ਛੇ ਮਹੀਨੇ ਤੋਂ ਵੱਧ ਸੰਘਰਸ਼ ਕਰਨ ਉਪਰੰਤ ਮਿਤੀ 24-11-2017 ਨੂੰ ਕਪੂਰਥਲਾ ਵਿਖੇ ਪਰਿਵਾਰ ਅਤੇ ਸੱਜਣਾਂ-ਸਨੇਹੀਆਂ ਨੂੰ ਤੋੜ ਵਿਛੋੜਾ ਦੇ ਕੇ ਗੁਰਪੁਰੀ ਸਿਧਾਰ ਗਏ।

ਆਪ ਜੀ ਦਾ ਜਨਮ ਮਿਤੀ 01-02-1951 ਨੂੰ ਪਿੰਡ ਟਾਂਡੀ-ਬ੍ਰਹਮਵਾਲ, ਜ਼ਿਲ੍ਹਾ ਕਪੂਰਥਲਾ ਵਿਖੇ ਸ.ਅਮਰ ਸਿੰਘ ਜੀ ਅਤੇ ਸਰਦਾਰਨੀ ਗਿਆਨ ਕੌਰ ਦੇ ਗ੍ਰਹਿ ਵਿਖੇ ਹੋਇਆ।ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਤੋਂ ਬੀ.ਏ. ਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਐਮ.ਏ. (ਗਣਿਤ) ਪਾਸ ਕਰਨ ਉਪਰੰਤ ਸੰਨ 1976 ਵਿੱਚ ਪੰਜਾਬ ਐਂਡ ਸਿੰਧ ਬੈਂਕ ਵਿਚ ਆਫੀਸਰ ਕਾਡਰ ਵਿੱਚ ਭਰਤੀ ਹੋ ਕੇ 31-01-2011 ਨੂੰ 35 ਸਾਲ ਦੀ ਸੇਵਾ ਉਪਰੰਤ ਰਿਟਾਇਰ ਹੋਏ ਅਤੇ ਕਪੂਰਥਲੇ ਹੀ ਸੈਟਲ ਹੋ ਗਏ।ਆਪ ਜੀ ਦਾ ਵਿਆਹ ਪਠਾਨਕੋਟ ਦੇ ਪ੍ਰਸਿੱਧ ਟਰਾਂਸਪੋਰਟਰ, ਚੌਧਰੀ ਬਾਬੂ ਰਾਮ ਜੀ ਦੀ ਸਪੁੱਤਰੀ ਬੀਬੀ ਹਰਜੀਤ ਕੌਰ ਨਾਲ 1978 ਵਿਚ ਹੋਇਆ।ਆਪ ਸ.ਭਗਤ ਸਿੰਘ ਆਈ.ਏ.ਐਸ. (ਰਿਟਾਇਰਡ) ਦੇ ਸਾਂਢੂ ਸਨ। ਆਪ ਜੀ ਦਾ ਬੇਟਾ ਸੁਖਬੀਰ ਸਿੰਘ ਐਮ.ਐਸ.ਸੀ. (ਫੂਡ ਟੈਕਨੌਲਜੀ) ਕਰਕੇ ਆਸਟਰੇਲੀਆ ਵਿੱਚ ਆਪਣਾ ਕੰਮ ਕਰ ਰਿਹਾ ਹੈ।ਵੱਡੀ ਸਪੁੱਤਰੀ ਬੀਬੀ ਗੋਨਾ ਐਮ.ਏ. (ਇੰਗਲਿਸ਼) ਕਰਕੇ ਪਰਥ (ਆਸਟਰੇਲੀਆ) ਦੀ ਯੂਨੀਵਰਸਿਟੀ ਵਿੱਚ ਪੜ੍ਹਾ ਰਹੀ ਹੈ ਅਤੇ ਛੋਟੀ ਬੇਟੀ ਅੰਮ੍ਰਿਤਾ ਇੰਜੀਨੀਅਰਿੰਗ ਦੀ ਬੀ.ਐਸ.ਸੀ. ਹੈ ਅਤੇ ਲੰਡਨ ਵਿਖੇ ਸੈਟਲਡ ਹੈ। ਵੱਡਾ ਦਾਮਾਦ ਪਰਮਜੀਤ ਸਿੰਘ ਆਸਟਰੇਲੀਆ ਵਿੱਚ ਇੰਜੀਨੀਅਰ ਹੈ ਅਤੇ ਛੋਟਾ ਦਾਮਾਦ ਜਸਬੀਰ ਸਿੰਘ ਲੰਡਨ ਵਿਖੇ ਆਪਣਾ ਹਸਪਤਾਲ ਚਲਾ ਰਿਹਾ ਹੈ।

ਆਪ ਜੀ ਨਮਿਤ ਆਖੰਡ ਪਾਠ ਸਾਹਿਬ ਦਾ ਭੋਗ ਆਪਦੇ ਗ੍ਰਹਿ ਵਿਖੇ 03-12-2017 ਨੂੰ ਪਾਇਆ ਗਿਆ। ਅੰਤਮ ਅਰਦਾਸ ਅਤੇ ਕੀਰਤਨ ਦਾ ਪ੍ਰੋਗਰਾਮ ਗੁਰਦੁਆਰਾ ਸਿੰਘ ਸਭਾ ਦੇਵੀ ਤਾਲਾਬ ਕਪੂਰਥਲਾ ਵਿਖੇ ਸੰਪੂਰਨ ਹੋਇਆ। ਸ੍ਰੀ ਸੁਖਪਾਲ ਸਿੰਘ ਖਹਿਰਾ ਐਮ.ਐਲ.ਏ. ਭੁਲੱਥ ਅਤੇ ਪੰਜਾਬ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਅਤੇ ਸ. ਭਗਤ ਸਿੰਘ ਜੀ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਸ. ਜਗਤਾਰ ਸਿੰਘ ਮੁਲਤਾਨੀ, ਸਾਬਕਾ ਮੰਤਰੀ ਪੰਜਾਬ, ਸ. ਹਰਭਜਨ ਸਿੰਘ, ਡਿਪਟੀ ਚੀਫ਼ ਇੰਜੀਨੀਅਰ (ਰਿਟਾ.), ਸ. ਗੁਰਮੇਲ ਸਿੰਘ ਮੁਲਤਾਨੀ, ਸਾਬਕਾ ਪ੍ਰਧਾਨ ਮਾਰਕਿਟ ਕਮੇਟੀ ਭੁਲੱਥ ਅਤੇ ਮੀਤ ਪ੍ਰਧਾਨ ਬ.ਮ.ਸ਼.ਲੁਬਾਣਾ ਫਾਉਂਡੇਸ਼ਨ, ਕਰਨਲ ਰਜੀਵ ਚੌਧਰੀ, ਡਾਕਟਰ ਜਸਬੀਰ ਸਿੰਘ ਲੰਡਨ, ਸ. ਇੰਦਰਪ੍ਰੀਤ ਸਿੰਘ ਸਟੈਂਡਿੰਗ ਕੌਂਸਲ ਇਨਕਮ ਟੈਕਸ ਵਿਭਾਗ, ਚੌਧਰੀ ਸੰਜੇਵੀਰ ਸਿੰਘ, ਐਡਵੋਕੇਟ ਦਿੱਲੀ ਤੋਂ ਬਿਨਾਂ ਪੰਜਾਬ ਐਂਡ ਸਿੰਧ ਬੈਂਕ ਦੇ ਸੇਵਾ-ਮੁਕਤ ਅਤੇ ਸੇਵਾ ਕਰ ਰਹੇ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੇ ਅਧਿਕਾਰੀ ਅਤੇ ਵਰਕਰ ਅਤੇ ਸਾਰੇ ਰਿਸ਼ਤੇਦਾਰ ਅਤੇ ਸ਼ਹਿਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਅਵਸਰ ਤੇ ਪਰਿਵਾਰ ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸਮਾਧ ਬਾਬਾ ਪ੍ਰੇਮ ਸਿੰਘ ਜੀ ਬੇਗੋਵਾਲ ਅਤੇ ਹੋਰ ਧਾਰਮਿਕ ਅਸਥਾਨਾਂ ਲਈ ਭੇਟਾ ਕੱਢੀ ਗਈ।

ਸ. ਤਰਲੋਕ ਸਿੰਘ ਫਾਉਂਡੇਸ਼ਨ ਨਾਲ ਬਹੁਤ ਪੁਰਾਣੇ ਸਮੇਂ ਤੋਂ ਜੁੜੇ ਹੋਏ ਸਨ ਅਤੇ ਇਸਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਵੀ ਰਹੇ। ਕਈ ਸਮਾਜ ਸੁਧਾਰਕ ਸੰਸਥਾਵਾਂ ਦੇ ਸਮਾਜ ਸੁਧਾਰ ਕਾਰਜਾਂ ਵਿੱਚ ਸਰਗਰਮ ਹਿੱਸਾ ਲੈਂਦੇ ਰਹੇ ਅਤੇ ਲੁਬਾਣਾ ਸੇਵਕ ਵਿੱਚ ਵੀ ਲਿਖਦੇ ਰਹੇ। ਆਪ ਜੀ ਆਮ ਆਦਮੀ ਪਾਰਟੀ ਦੀ ਪੰਜਾਬ ਸ਼ਾਖਾ ਦੇ ਮੋਢੀ ਮੈਂਬਰ ਸਨ ਅਤੇ ਤਿੰਨ ਸਾਲ ਕਪੂਰਥਲਾ ਸ਼ਾਖਾ ਦੇ ਕਨਵੀਨਰ ਵੀ ਰਹੇ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰੇ।

**ਜਗੀਰ ਸਿੰਘ ਲਾਲੀਆ**

**(ਪ੍ਰਧਾਨ)**



# ਕਾਵਿ-ਕਿਆਰੀ



## ਸ਼ਬਦਾਂ ਦੇ ਸੰਜੋਗ

### ਹਰਬਖਸ਼ ਸਿੰਘ ਟਾਹਲੀ



### (1) ਦਿਲ

ਪਿਆਰ ਹੱਥ ਵਿਚ ਫੜਨ ਵਾਲੀ ਚੀਜ਼ ਨਹੀਂ
ਪਿਆਰ ਬੜੀ ਨਾਜ਼ੁਕ ਜਗ੍ਹਾ 'ਤੇ ਵਿਸ਼ਰਾਮ ਕਰਦਾ ਹੈ
ਤੇ ਉਹ ਨਾਜ਼ੁਕ ਜਗ੍ਹਾ ਦਿਲ ਤੋਂ ਬਗੈਰ ਭਲਾ ਕਿਹੜੀ?
ਪਿਆਰ ਨੂੰ ਦਿਲ ਵਿਚ ਸੰਭਾਲ ਕੇ ਰਖੋ ਦੋਸਤੋ।
ਪਿਆਰ ਨੂੰ ਹੱਥ ਵਿਚ ਫੜਨ ਵਾਲੀ ਕੋਸ਼ਿਸ਼
ਮ੍ਰਿਗ ਤ੍ਰਿਸ਼ਨਾ ਦੀ ਚੜ੍ਹਦੀ ਸਵੇਰ ਵਾਂਗ ਹੈ।
ਪਿਆਰ ਦਿਲ ਦੀਆਂ ਜੜ੍ਹਾਂ ਵਿਚ ਰਚਦਾ ਹੈ
ਅਤੇ ਜਜ਼ਬਾਤਾਂ ਦੇ ਵੱਡੇ-ਵੱਡੇ ਤਣੇ ਉਗਾਉਂਦਾ ਹੈ
ਫਿਰ ਉਨ੍ਹਾਂ ਤਣਿਆਂ ਵਿਚੋਂ ਨਿਕਲਦੀਆਂ ਹਨ
ਸਾਰਥਕ ਰਿਸ਼ਤਿਆਂ ਦੀਆਂ ਟਹਿਣੀਆਂ, ਜੋ ਫੁੱਲਾਂ
ਦੀਆਂ ਗਵਾਹੀਆਂ ਭਰਦੀਆਂ ਹਨ ਅਤੇ ਵੰਡਦੀਆਂ ਹਨ
ਪੂਰੀ ਫਿਜ਼ਾ ਨੂੰ ਰੰਗਦਾਰ ਅਤੇ ਖੁਸ਼ਬੋਦਾਰ ਲੜੀਆਂ।
ਜਿਸ ਦੀ ਹੋਂਦ ਵਿਚ ਚੇਤਨਾ ਅੰਤਰ ਧਿਆਨ
ਅਤੇ ਮਹਿਕ ਮੁਗਧ ਹੋ ਜਾਂਦੀ ਹੈ।
ਅਤੇ ਸਿਰਫ਼ ਅੰਤਰ ਧਿਆਨ ਅਤੇ ਮਹਿਕਾਂ ਮੁਗਧ ਚੇਤਨਾ
ਹੀ ਪਹੁੰਚ ਸਕਦੀ ਹੈ ਅੰਤਰ ਸਮਾਧੀ ਨੂੰ
ਤੇ ਜਿਹੜੀ ਚੇਤਨਾ ਸਮਾਧੀ ਮੁਗਧ ਹੋ ਜਾਂਦੀ ਹੈ
ਉਹ ਸੱਚ ਦੇ ਦੁਆਰ ਵਿਚ ਪ੍ਰਵਾਨ ਚੜ੍ਹਦੀ ਹੈ
ਦਿਲ ਵਿਚ ਸੰਭਾਲੇ ਪਿਆਰ ਦੀ ਪ੍ਰਾਪਤੀ ਕਿੱਡੀ ਵੱਡੀ ਹੈ
ਹੱਥਾਂ ਵਿਚ ਪਿਆਰ ਨੂੰ ਫੜਨ ਵਾਲੇ ਲੋਕ ਕੀ ਜਾਨਣ
ਬੱਸ, ਪਿਆਰ ਵਿਹੂਣੇ ਦਿਲਾਂ ਨਾਲ ਭਟਕਦੇ ਰਹਿੰਦੇ ਹਨ।

### (2) ਵਿਛੋੜਾ


ਜਿਹੜਾ ਕਦੇ ਨਾ ਰੋਵੇ ਉਹ ਵਿਛੋੜੇ ਵਿਚ ਰੋਂਦਾ ਹੈ
ਜਿਸ ਨੇ ਵਿਛੋੜਾ ਨਹੀਂ ਹੰਢਾਇਆ ਉਸ ਨੂੰ ਕੀ ਪਤਾ
'ਸੱਜਣਾਂ ਦਾ ਪਿਆਰ ਕਿੰਨਾ ਪਿਆਰਾ ਹੁੰਦਾ ਹੈ।'
ਵਿਛੜੇ ਪਿਆਰ ਅਸਰ ਕਰਦੇ ਹਨ ਦਿਲ ਉੱਤੇ,
ਅਤੇ ਹਲੂਣ ਦਿੰਦੇ ਹਨ ਚੇਤਨਾ ਨੂੰ
ਵਿਛੜੇ ਪਿਆਰ ਬਦਲ ਦਿੰਦੇ ਨੇ ਮਨੁੱਖੀ ਸੋਚ ਨੂੰ
ਅਤੇ ਸੱਚ ਦੀ ਪਹਿਚਾਣ ਉਤੇ ਸਹੀ ਪਾਉਂਦੇ ਹਨ।
ਪਿਆਰ ਵਿਚ ਮਾਰੀਆਂ ਭੁੱਖਾਂ ਧੋਂਦੀਆਂ ਹਨ ਜਨਮਾਂ ਦੀ ਮੈਲ।
ਫਿਰ ਪਿਆਰ ਦੀ ਅੱਖ ਵਿਚੋਂ ਹੁੰਦੇ ਹਨ
'ਤ੍ਰੈਕਾਲ ਦੇ ਦਰਸ਼ਨ' ਅਤੇ ਅਨੁਭਵਤਾ ਦੇ ਖੁਲ੍ਹਦੇ ਹਨ ਦੁਆਰ
ਤੇ ਫਿਰ ਉਹ ਪਿਆਰ ਰੋਮ-ਰੋਮ ਵਿਚ ਸਮਾ ਜਾਂਦਾ ਹੈ।
ਤੇ ਫਿਰ ਉਸ ਪਿਆਰ ਦੇ ਦਰਸਨ ਜ਼ਰੇ ਜ਼ਰੇ ਵਿਚ ਹੋ ਜਾਂਦੇ ਹਨ।
ਪਿਆਰ ਨਿੱਜੀ ਤੋਂ ਸਰਵਗਤਾ ਦਾ ਸਫ਼ਰ ਸ਼ੁਰੂ ਕਰਦਾ ਹੈ
ਅਤੇ ਆਸ਼ਕ ਨੂੰ ਸੱਚ ਦੀ ਦਰਗਾਹ ਵਿਚ ਜਾ ਸੁੱਟਦਾ ਹੈ।
ਜਿਹੜਾ ਪਿਆਰ ਸਰਵਗਤਾ ਦਾ ਸਫ਼ਰ ਸ਼ੁਰੂ ਨਹੀਂ ਕਰਦਾ
ਉਸ ਦੀ ਮੰਜ਼ਿਲ ਦਾ ਇਕ ਸਿਰਾ ਚਾਨ੍ਹਣ ਵਿਚ
ਅਤੇ ਦੂਜਾ ਸਿਰਾ ਅੰਧੇਰੇ ਵਿਚ ਹੁੰਦਾ ਹੈ।

*****

### 'ਸਿੱਲ-ਨਿਗੂਣੀ'

ਪੂਰੇ ਵਿਸ਼ਵ ਵਿਚ, ਸਭ ਤੋਂ ਵੱਡੇ ਮੰਨੇ ਜਾਂਦੇ
ਭਾਰਤ ਦੇ ਇਸ ਵਿਸ਼ਾਲ, ਲੋਕ-ਰਾਜ ਵਿਚ
ਜਿਸ ਦੀਆਂ, ਕੁਝ ਵੱਖੋ-ਵੱਖ ਪ੍ਰਾਂਤਾਂ ਦੇ
ਰਾਜਸੀ ਜਥੇਬੰਦੀਆਂ, ਧਰਮ ਜਮਾਤਾਂ ਦੇ
ਕਈ ਪਾਰਟੀ ਨੇਤਾ, ਬਣ ਬਹਿੰਦੇ ਨੇ ਖਾਸ-ਵਿਸ਼ੇਸ਼
ਤੇ ਅਖਵਾਉਂਦੇ ਨੇ, ਨਿਹਕਲੰਕ ਬੇਤਾਜ ਨਰੇਸ਼।

ਇਹ ਅਕਸਰ ਮਿੱਟੀ ਪੁੱਟਦੇ ਨੇ ਲੋਕ-ਰਾਜ ਦੀ
ਮੂੰਹ ਤੋਂ ਲਾਹ ਕੇ ਲੋਈ, ਮਿਆਰੀ ਲੋਕ-ਲਾਜ ਦੀ
ਆਪਣੀ ਹਲਕਾਈ ਹਉਂ ਨੂੰ ਪੱਠੇ ਪਾਉਣ ਲਈ
ਤੂੰ ਕੌਣ ਮੈਂ ਖਾਹ ਮਖਾਹ ਧੌਂਸ ਜਮਾਉਣ ਲਈ
ਰੋਟੀ ਕੱਪੜਾ ਰੁਜ਼ਗਾਰ ਦੇ ਲਾਉਂਦੇ ਲਾਰੇ ਨੇ
ਇਉਂ ਲਾਰਿਆਂ ਵਿਚ ਹੀ ਪੰਜ ਸਾਲ ਲੰਘਾਉਂਦੇ ਨੇ।



ਕਦੇ ਧਰਮ ਮਜ਼੍ਹਬ ਵੇਸ਼-ਭੂਸ਼ਾ ਭਾਸ਼ਾ ਦੇ ਨਾਂ ਤੇ
ਕਦੇ ਖਿੱਤੇ ਖੇਤਰਵਾਦ ਦੇ ਮੁੱਦੇ ਉਲਝਾ ਕੇ
ਪੇਸ਼ਾਵਰ ਦਹਿਸ਼ਤ-ਗਰਦ, ਦੰਗਈਆਂ ਕੋਲੋਂ
ਚਿੱਟੇ ਕੋਕੀਨ ਹੈਰੋਇਨ, ਗਾਹਕਾਂ ਨਸ਼ੱਈਆ ਕੋਲੋਂ
ਜਦੋਂ ਵੀ ਚਾਹੁਣ, ਹੰਗਾਮੇਂ ਕਰਵਾ ਦਿੰਦੇ ਨੇ
ਸੱਚਿਆਰਾਂ ਸਿਰਮੌਰਾਂ ਨੂੰ, ਘਰੇ ਬੰਦੀ ਬਣਾ ਦਿੰਦੇ ਨੇ।

ਇਹਨਾਂ ਅੱਖਰਾਂ ਸ਼ਬਦਾਂ ਕਾਵਿ-ਸਤਰਾਂ ਵਿਚ
ਭਾਰਤੀ ਲੋਕ-ਰਾਜ ਦੀ ਬੁੱਝਦੀ ਸੁਲਘਦੀ
ਧੂੰਆਂ ਮਾਰਦੀ, ਤੱਕੀ ਤੁਸਾਂ ਜੋ ਧੂੰਣੀ ਹੈ
ਵਿਸ਼ਾਲ ਭਾਰਤੀ ਲੋਕ-ਰਾਜ ਦੇ ਗੋਹੜੇ ਵਿਚੋਂ
ਲਾ ਪਾ ਕੇ, ਅਜੇ ਮਸਾਂ ਕੱਤੀ ਇਕ ਪੂਣੀ ਹੈ
ਊਜਾਂ ਦਾ ਆਈਸ ਬਰਗ ਤਾਂ ਬਹੁਤ ਵੱਡਾ ਹੈ

ਇਹ ਤਾਂ ਬੱਸ ਇਕ, ਛੋਟੀ ਜਿਹੀ ਸਿੱਲ ਨਿਗੁਣੀ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ,**
**ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

***

## ਮੈਪਲ ਦਾ ਰੁੱਖ

### (ਪਿੱਪਲ-ਨੁਮਾ ਇਕ ਵਿਦੇਸ਼ੀ ਰੁੱਖ)



ਇਹ ਮੈਪਲ ਦਾ ਰੁੱਖ ਹੈ ਯਾਰੋ
ਠੰਢੇ ਮੁਲਕ ਦਾ ਜਾਇਆ
ਸ਼ੀਤ ਹਵਾਵਾਂ ਤਨ ਹੰਢਾ ਕੇ
ਇਹਦਾ ਚੜ੍ਹਦਾ ਰੂਪ ਸਵਾਇਆ।

ਰੱਬ ਦੇ ਹਰ ਪਿਆਰੇ ਨੂੰ ਭਾਵੇਂ
ਇਹਦੇ ਪੱਤਿਆਂ ਦੀ ਫੁਲਕਾਰੀ
ਕੁਦਰਤ ਰਾਣੀ ਦੀ ਕਲਾਕਾਰੀ
ਵੇਖ ਕੇ ਇਸਦਾ ਜੋਬਨ ਅੰਬਰੋਂ
ਸਤਰੰਗੀ ਪੀਂਘ ਨੇ ਰੰਗ ਚੁਰਾਇਆ
ਇਹ ਮੈਪਲ ਦਾ ਰੁੱਖ ਹੈ ਯਾਰੋ...।

'ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨਾ ਜਾਈ ਲਖਿਆ'
ਗੁਰਬਾਣੀ ਸੱਚ ਫੁਰਮਾਇਆ
ਰੁੱਖ ਇਹ ਸਿਰਜ ਕੇ ਰੰਗਲੇ
ਰੱਬ ਭਾਗ ਧਰਤ ਨੂੰ ਲਾਇਆ
ਇਹ ਮੈਪਲ ਦਾ ਰੁੱਖ ਹੈ ਯਾਰੋ...।

ਮੈਪਲ ਦਾ ਰੁੱਖ ਕਹਿੰਦਾ ਜੀਕਣ
ਲੁੱਟ ਲਉ ਮੇਰੇ ਹੁਸਨ ਦੀ ਹੱਟੀ
ਸਾਂਭ ਲਉ ਮੇਰੀ ਸਾਰੀ ਖੱਟੀ
ਮੈਂ ਦਰ-ਦਰ ਵੰਡਦਾ ਜਾ ਰਿਹਾ
ਜੋ ਵੀ ਕੁਦਰਤ ਘਰੋਂ ਕਮਾਇਆ
ਇਹ ਮੈਪਲ ਦਾ ਰੁੱਖ ਹੈ ਯਾਰੋ...।

ਰੁੱਤ ਜੋਬਨ ਦੀ ਰੰਗ ਵਟਾਇਆ
ਪੀਲਾ ਹੋ-ਹੋ ਇਕ-ਇਕ ਪੱਤਾ
ਕਿਰਦਾ ਜਾਵੇ ਲੀਹੋਂ ਲੱਥਾ
ਇੰਜ ਰੁੱਖ ਮਨੁੱਖ ਨੂੰ ਯਾਦ ਦੁਆਵੇ
ਥੋੜ੍ਹ ਚਿਰਾ ਹੈ ਸਾਹਾਂ ਦਾ ਸਰਮਾਇਆ
ਇਹ ਮੈਪਲ ਦਾ ਰੁੱਖ ਹੈ ਯਾਰੋ...।

ਆਉਂਦੇ-ਜਾਂਦੇ ਰਾਹੀ ਛਾਂ ਮਾਣਦੇ
ਵੰਨ-ਸੁਵੰਨੇ ਰੰਗ ਮਾਣਦੇ
ਜੀਵਨ-ਢੰਗ ਪ੍ਰਸੰਗ ਜਾਣਦੇ
'ਮਕਸੂਦਪੁਰੀ' ਨੇ ਬਹਿ ਰੁੱਖ ਥੱਲੇ
ਮੈਪਲ ਸੰਗ ਸੰਵਾਦ ਰਚਾਇਆ
ਇਹ ਮੈਪਲ ਦਾ ਰੁੱਖ ਹੈ ਯਾਰੋ...।

**ਸੁਰਿੰਦਰ ਮਕਸੂਦਪੁਰੀ**
**234, ਸੁਦਰਸ਼ਨ ਪਾਰਕ**
**ਮਕਸੂਦਾਂ, ਜਲੰਧਰ।**
**ਮੋ. 99887-10234**

***

## ਬਾਜ਼ ਤੇ ਧਰਤੀ

ਨਿਗਾਹ ਪਰ ਧਰਤੀ ਤੇ ਰਹਿੰਦੀ
ਭਾਵੇਂ ਬਾਜ਼ ਉਡਣ ਅਸਮਾਨੇ।

ਮੇਰੀ ਰੂਹ ਪੰਜਾਬ 'ਚ ਰਹਿੰਦੀ
ਭਾਵੇਂ ਫਿਰਦਾ ਰਹਾਂ ਜ਼ਮਾਨੇ।

ਪਰਬਤੋਂ ਤੁਰਿਆ ਸ਼ਹੁ ਵਿਚ ਰਲਿਆ
ਦਰਿਆ ਭੁਲਦਾ ਨਹੀਂ ਦਹਾਨੇ।

ਇਸ ਮਿੱਟੀ ਮੇਰੇ ਪੁਰਖੇ ਸੁੱਤੇ
ਮੇਰੇ ਵਰਗੇ ਕਈ ਘਰਾਨੇ।

ਘੱਲੂਕਾਰੇ ਮੇਰੀ ਕੁੱਲ ਤੇ ਬੀਤੇ
ਸੱਜਰੇ ਨੇ ਅਜੇ ਇਹ ਅਫਸਾਨੇ।

ਪੰਜਾਬ ਦਾ ਦਿਲ 'ਹਰਿਮੰਦਰ' ਹੈ ਜੀ
ਸ਼ੋਭ ਰਿਹੈ ਵਿਚ ਤਾਲ ਸੁਹਾਨੇ।

ਜਨਮਾਂ ਦੇ ਉਥੇ ਪਾਪ ਕਟੀਦੇ
ਜਿੱਥੇ ਕਰ ਦਰਸ਼ਨ ਇਸ਼ਨਾਨੇ।

ਅਨੰਦਪੁਰੀ ਕੋਈ ਸਿਰ ਮੰਗਦਾ ਹੈ
ਸਿਰ ਦੇਣ ਪਹੁੰਚਣ ਪਰਵਾਨੇ।

**ਹਰਜਿੰਦਰ ਸਿੰਘ ਸੰਧੂ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਤੰਦਰੁਸਤ ਸਰੀਰ ਲਈ ਲਿਵਰ ਠੀਕ ਹੋਵੇ



ਸਰੀਰ ਦੇ ਸਭ ਤੋਂ ਮਹੱਤਵਪੂਰਨ ਅੰਗਾਂ ਵਿਚ ਸ਼ਾਮਿਲ ਹੁੰਦਾ ਹੈ ਲਿਵਰ। ਇਹ ਸਰੀਰ ਦਾ ਸਭ ਤੋਂ ਵੱਡਾ ਅੰਦਰੂਨੀ ਅੰਗ ਹੈ ਜੋ ਤੰਦਰੁਸਤ ਸਰੀਰ ਲਈ ਜ਼ਰੂਰੀ ਕਈ ਰਸਾਇਣਕ ਕਿਰਿਆਵਾਂ ਲਈ ਜ਼ਿੰਮੇਵਾਰ ਹੈ।

ਲਿਵਰ ਇਕ ਗ੍ਰੰਥੀ ਵੀ ਹੈ, ਕਿਉਂਕਿ ਇਹ ਅਜਿਹੇ ਰਸਾਇਣਾਂ ਦਾ ਸ੍ਰਾਵ ਵੀ ਕਰਦਾ ਹੈ ਜਿਸ ਦੀ ਵਰਤੋਂ ਸਰੀਰ ਦੇ ਹੋਰ ਅੰਗ ਕਰਦੇ ਹਨ। ਆਪਣੇ ਅਲੱਗ-ਅਲੱਗ ਤਰ੍ਹਾਂ ਦੇ ਕੰਮਾਂ ਦੇ ਕਾਰਨ ਇਹ ਇਕ ਅੰਗ ਅਤੇ ਗ੍ਰੰਥੀ ਦੋਵਾਂ ਵਿਚ ਸ਼ਾਮਿਲ ਹੁੰਦਾ ਹੈ। ਇਹ ਸਰੀਰ ਦੇ ਠੀਕ ਢੰਗ ਨਾਲ ਕੰਮ ਕਰਨ ਲਈ ਜ਼ਰੂਰੀ ਰਸਾਇਣਾਂ ਦਾ ਨਿਰਮਾਣ ਕਰਦਾ ਹੈ। ਇਹ ਸਰੀਰ ਵਿਚ ਬਣਨ ਵਾਲੇ ਤੱਤਾਂ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਤੋੜਦਾ ਹੈ ਅਤੇ ਜ਼ਹਿਰੀਲੇ ਤੱਤਾਂ ਨੂੰ ਖਤਮ ਕਰਦਾ ਹੈ। ਨਾਲ ਹੀ ਇਹ ਸਟੋਰੇਜ ਯੂਨਿਟ ਦੀ ਤਰ੍ਹਾਂ ਵੀ ਕੰਮ ਕਰਦਾ ਹੈ।

ਲਿਵਰ ਕੋਲੈਸਟ੍ਰੋਲ ਅਤੇ ਟ੍ਰਿਗਲਿਸਰਾਈਡਿਸ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ। ਕਾਰਬੋਹਾਈਡ੍ਰੇਟਸ ਦਾ ਨਿਰਮਾਣ ਵੀ ਲਿਵਰ ਵਿਚ ਹੁੰਦਾ ਹੈ ਅਤੇ ਇਹ ਅੰਗ ਗੁਲੂਕੋਜ਼ ਨੂੰ ਗਲੂਕੋਜ਼ੋਨ ਵਿਚ ਬਦਲਣ ਲਈ ਜ਼ਿੰਮੇਵਾਰ ਹੈ, ਜਿਨ੍ਹਾਂ ਨੂੰ ਲਿਵਰ ਵਿਚ ਅਤੇ ਮਾਸਪੇਸ਼ੀਆਂ ਦੀਆਂ ਕੋਸ਼ਿਕਾਵਾਂ ਵਿਚ ਸਟੋਰ ਕੀਤਾ ਜਾ ਸਕਦਾ ਹੈ।

ਲਿਵਰ ਬਾਈਲ ਵੀ ਬਣਾਉਂਦਾ ਹੈ ਜੋ ਖਾਣਾ ਪਚਾਉਣ ਵਿਚ ਮਦਦ ਕਰਦੇ ਹਨ। ਲਿਵਰ ਸਰੀਰ ਵਿਚ ਉਪਾਪਚੀ ਪ੍ਰਕਿਰਿਆ ਦੇ ਸਹਿ-ਉਤਪਾਦ ਅਮੋਨੀਆ ਨੂੰ ਯੂਰੀਆ ਵਿਚ ਬਦਲ ਕੇ ਸਰੀਰ ਨੂੰ ਜ਼ਹਿਰੀਲੇ ਤੱਤਾਂ ਤੋਂ ਮੁਕਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਜਿਨ੍ਹਾਂ ਨੂੰ ਗੁਰਦਿਆਂ ਦੁਆਰਾ ਪਿਸ਼ਾਬ ਰਾਹੀਂ ਸਰੀਰ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਇਹ ਅਲਕੋਹਲ ਸਮੇਤ ਦਵਾਈਆਂ ਨੂੰ ਵੀ ਤੋੜਦਾ ਹੈ ਅਤੇ ਇਹ ਸਰੀਰ ਵਿਚ ਇੰਸੁਲਿਨ ਅਤੇ ਦੂਜੇ ਹਾਰਮੋਨਜ਼ ਨੂੰ ਤੋੜਨ ਲਈ ਵੀ ਜ਼ਿੰਮੇਵਾਰ ਹੁੰਦਾ ਹੈ।

ਜੀਵਨ ਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਵਿਚ ਹੋਣ ਵਾਲੇ ਬਦਲਾਵਾਂ ਦੇ ਕਾਰਨ ਅੱਜ ਜਿਸ ਅੰਗ 'ਤੇ ਸਭ ਤੋਂ ਜ਼ਿਆਦਾ ਅਸਰ ਪਿਆ ਹੈ, ਉਹ ਹੈ ਲਿਵਰ। ਲਿਵਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਰਕਾਂ ਵਿਚ ਵਿਸ਼ਾਣੂ, ਨੁਕਸਾਨਦਾਇਕ ਭੋਜਨ ਅਤੇ ਅਲਕੋਹਲ ਦੀ ਵਰਤੋਂ ਵੀ ਹੋ ਸਕਦੀ ਹੈ। ਹੈਪੇਟਾਈਟਿਸ ਏ, ਬੀ ਅਤੇ ਸੀ ਵਰਗੇ ਵਿਸ਼ਾਣੂ ਲਿਵਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਬਹੁਤ ਜ਼ਿਆਦਾ ਮਾਤਰਾ ਵਿਚ ਅਲਕੋਹਲ ਦੀ ਵਰਤੋਂ ਕਰਨ ਕਰਕੇ ਲਿਵਰ ਨੂੰ ਗੰਭੀਰ ਨੁਕਸਾਨ ਹੋ ਸਕਦਾ ਹੈ। ਜਦੋਂ ਕੋਈ ਵਿਅਕਤੀ ਬਹੁਤ ਜ਼ਿਆਦਾ ਮਾਤਰਾ ਵਿਚ ਅਲਕੋਹਲ ਦੀ ਵਰਤੋਂ ਕਰਦਾ ਹੈ ਤਾਂ ਲਿਵਰ ਦੇ ਠੀਕ ਕੰਮ ਕਰਨ ਵਿਚ ਰੁਕਾਵਟ ਪੈਦਾ ਹੁੰਦੀ ਹੈ।

ਲਿਵਰ ਨੂੰ ਨੁਕਸਾਨ ਪਹੁੰਚਾਉਣ ਵਾਲਾ ਇਕ ਹੋਰ ਕਾਰਕ ਮੋਟਾਪਾ ਹੈ। ਮੋਟਾਪਾ ਅੱਜ ਦੇ ਸਮੇਂ ਵਿਚ ਦੁਨੀਆ ਭਰ ਦੀ ਸਮੱਸਿਆ ਹੈ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਵੀ ਬਜ਼ੁਰਗਾਂ ਅਤੇ ਬੱਚਿਆਂ ਦੋਵਾਂ ਵਿਚ ਮੋਟਾਪੇ ਦੀ ਸਮੱਸਿਆ ਦੀ ਵਜ੍ਹਾ ਕਰਕੇ ਇਹ ਇਕ ਵੱਡੀ ਸਰਵਜਨਕ ਸਮੱਸਿਆ ਬਣ ਗਿਆ ਹੈ। ਉਪਲਬਧ ਅਧਿਐਨਾਂ ਤੋਂ ਮੋਟਾਪੇ ਨਾਲ ਅਨੇਕਾਂ ਤਰ੍ਹਾਂ ਦੇ ਕੈਂਸਰ ਪੈਦਾ ਹੋਣ ਦੀ ਜਾਣਕਾਰੀ ਮਿਲੀ ਹੈ। ਖਾਸ ਤੌਰ 'ਤੇ ਮੋਟਾਪੇ ਅਤੇ ਲਿਵਰ ਕੈਂਸਰ ਦੇ ਵਿਚ ਮਜ਼ਬੂਤ ਸਬੰਧ ਹੈ।

Desi Nuskhe

# Handy tips for those times when you are already "Sick"

## 10 Ways to fight a cold

When days get shorter and temperatures drop. We begin to brace ourselves for the aptly named common cold with good reasons: Adults usually contract between one and three colds each year. While young children catch about six. Hacking and sniffling are not forgone conclusion. We can strengthen are body's defenses against viruses by taking certain simple steps & if we are already sick we can minimize our symptoms, Here's how:

**1. WASH YOUR HANDS OFTEN :** Many products and practices claim to help prevent cold's, but cleaning your hands remains the most effective measure for best results, wash with soap for a maximum a 15 seconds.

When sick people cough or sneeze tiny droplets sprinkle the surfaces surrounding them with cold viruses. We catch a lot of cold's from touching those surfaces. The virus enters a our body when we touch our eyes, nose and mouth.

a. "Covering the nose and mouth while coughing or sneezing prevent spreading of germs".

b. Discourage your little one from sharing books and stationary during this season.

**2. CHOOSE MEDS WISELY:** The common cold is self limiting, usually the body recovers in three to five days Medication can offer relief from symptoms like fever and body pain. Avoid antibiotics for cold symptoms. Antibiotics can kill bacteria, they are useless against virus.


Harpreet Kaur Pelia
General secretary
98763-58250




**3. GET SOME REST :** Nothing compromises your immunity like poor sleep.

**4. GIVE A VITAMIN C, A GO :** Numerous studies also show that a diet rich in vitamin C can help reduce the severity and duration of a common cold, because your diet with ORANGES,KIWIS,LEMONS and PINEAPPLE. Do not forget BROCCOLI and CAULIFLOWER.

**5. KEEP YOUR TOES COASY :** In addition to protecting your head and neck against the chill. When you venture outside, make sure your footwear is warm and leak free.

**6. SCOOP UP YOGURT :** Yogurt containing probiotics to improve the digestive function. Probiotics including specific beneficial bacteria have also been show to help boost immune function. Eating yogurt that includes Pro Biotic for up to three months can make it easier to ward off colds.

**7. CALL IN SICK :** The cold viruses is contagious in the first few days. It is best you stay indoors if you suffers from nose and an irritated throat.

**8. TEMPT YOUR TASTE BUDS :** When you have got a Scratchy throat and a cough figure back with HOT, TASTU SOUPS or GINGER TEA or a WARM HONEY and LEMON DRINK.

**9. GO GREEN: GREEN TEA :** Intake of 2 to 3 cups of green tea reduces cold and flu.

**10. CLEAN MILDY :** Cleaning with a neutral detergent and a cloth will be sufficient to stop any spread.

# Careers after 12th

(Part - 3)

**"All the best is achieving your dream career"**

**Who do not wish to purse the traditional Courses like engineering or Doctors/Medicene nor do they wish to go her B.A./B.SC/B.Com.**

Indian economy is now one of the fastest growing economies of the world. A large number of new courses are available to the students who do not wish to pursue the traditional Courses like engineering or Doctors/Medicene nor do they wish to go her B.A./B.SC/B.Com.

Now is the time for +1/+ 2 Students to think about what you wish to do in your life interms of a career. New career oppertunities are coming your way. Growing Indian economy and its strong linkages to world economy are creating demand in new sectors like investment banking, startup funding, corporate law advisory, Retail, Hospitality, Tourism etc.

**JEE - NCHMCT**

The most important entrance exam for Hotel Management after 12th is the National Council for Hotel Management and Catering Technology Joint Entrance Examination (NCHMCT JEE). A Minimum of 50% is required in 12th to appear for this examination.

**Examination Pattern**

| S. No. | Sactions | No. of Questions | Total Marks |
|---|---|---|---|
| 1. | Numerical Ability and Analytical Aptitude | 30 | 30 |
| 2. | General Knowledge & Current Affairs | 30 | 30 |
| 3. | English Language | 60 | 60 |
| 4. | Reasoning and Logical Deduction | 30 | 30 |
| 5. | Aptitude for Service Sector | 50 | 50 |
| | Total | 200 | 200 |

Time : 180 mins Maximum Marks : 200 marks.


**List of Govt. Affiliated Institutes of Hotel Management**

* IMH Bangalore
* IHM Bhopal
* IHM Bhubneshwar
* IHM Chandigarh
* DIHM Chandigarh
* CIHM Chandigarh
* IHM Chennai
* IHM Dehradun
* IHM New Delhi
* DIHM Lajpat Nagar
* IHM Gandhinagar
* IHM Gangtok
* IHM Goa
* IHM Gurdaspur
* IHM Guwahati
* IHM Faridabad
* IHM Swalior
* IHM Vaishali
* IHM Hyderabad
* IHM Jaipur
* IHM Kolkata
* SIHM Kurukshetra
* SIHM Kozikhode
* IHM Lucknow
* IHM Mumbai
* IHM Shillong
* IHM Srinagar
* IHM Shimla
* IHM Tiruvantpuram
* SIHM Bathinda
* SIHM Hamirpur

**Er. Parminderjit Singh**
**99153-57524**



# MATRIMONIAL



Suitable Match for Lobana Sikh Boy born April 1991, 5'10", BE (ECE), MBA (FIN), MNC, Asstt. Manager. Required professionally qualified girl early & simple marriage. Contact - 08360907886

* * * * *

Suitable match for Lobana Sikh Amritdhari Girl born on febuary 1991, 5'6", Fair Color, Master in IT (USA), Presentaly working in USA H1B, work permit, younger brother pursuing master degree in USA and parents are settled in Chandigarh . Required Amritdhari Lobana Sikh boy and well settled, preferably in USA.

Contact No. - 098779-26343, e-mail- rv2092@gmail.com

* * * * *

Suitable match for Sharma girl born on May 7, 1990, Height – 5'4", Ghotar :- Gautam/Kaushal, BA, BEd, Med, MA English,UGC Net cleared CTET Cleared and HTET cleared , PhD pursuing.  Contact after kundali matching. Serving an Assistant Professor in Mohali.

Contact No.-99885-88123

* * * * *

Suitable match for Lobana girl, born August 1986, Height 5'6", 10+2, ITI (3 years), Fair Color, Working in private sector in Mohali, Widow (No Child), Required boy working in Govt./Private/ Business family.

Contact: - 97800-93687, 0172-2264384

* * * * *

Suitable match for Lobana Girl born on 07/06/1988, Height 5' 3", fair colour, Msc.Botany, M.Ed. Father -Expired, Morther- House Wife, Borther in Private Job (Married). From Mukerian, Distt-Hoshiarpur, Now Residing in Mohali @the Following Address:- #6GF, Ansal Palm Group, Near Kharar, Landran Road, Mohali. Required boy in Private/Government/ Business Family. Contact :- 7087219408 (Prabhdeep Singh Lobana), 9463062022 (Inderjeet Singh).

* * * * *

Suitable match for Lobana Sikh girl,born 1989, Height-5'8",BA LLB Honors,LLM,Punjab University Chandigarh,father Retired Army Col. Settled in Mohali-Cont-98778-56408

* * * * *

Suitable match for Lobana Sikh girl January born January 1991, Height 5'3", B.Tec. CSF Deemed University Murthal MBA IIT Delhi Working as Sr. Manager in Amazone. Cont-94161-94525

* * * * *

Beautiful qualified match for Lubana Sikh boy 5'7" ,8/90 born.Mech Engg ,MBA GND university,UGC qualified,pursuing PhD Punjabi University, working Assistant Professor. Contact no 9646116016

* * * * *

Professionally qualified suitable match for Lubana Sikh boy, 5' 10", 1988 born, fair complexion, B.Tech. (Mech. Engg.) from Canada. Permanent Resident, working, drawing handsome salary. He is smart, polite, sober, appreciates family values and belongs to well educated family. Visiting India in Nov. 2017. Have urban & rural properties. Father is Senior Manager in Public Sector Bank. Only brother is Cyber Foreinsic Expert working with reputed MNC as Consultant. Seeking girl from similar family background, settled or willing to settle in Canada.

Contact Mobile 8360616696, 8054957495

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 4-12-2017 ਤੋਂ 29-12-2017

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ਼੍ਰੀਮਤੀ ਰਣਜੀਤ ਕੌਰ ਯੂ.ਐਸ.ਏ ਨੇ ਆਪਣੇ ਸਤਿਕਾਰਯੋਗ ਪਿਤਾ ਜੀ ਸ਼੍ਰੀ ਸ਼ਾਮ ਸਿੰਘ ਡੀ.ਐਸ.ਪੀ ਦੀ ਮਿੱਠੀ ਯਾਦ ਵਿਚ ਦਾਨ ਦਿੱਤੇ | 5000/- | ਐਚ-9409 | 04-12-2017 |
| 2. | ਸ.ਕੁਲਬੀਰ ਸਿੰਘ ਮੰ.ਨੰ-590, ਫੇਸ-1 ਮੋਹਾਲੀ | 200/- | ਐਚ-9410 | 05-12-2017 |
| 3. | ਸ.ਸੁਖਬੀਰ ਸਿੰਘ, ਪੁੱਤਰ ਸ.ਤਿਰਲੋਕ ਸਿੰਘ ਮੰ ਨੰ-537, ਮਾਡਲ ਟਾਊਨ ਕਪੂਰਥਲਾ | 1100/- | ਐਚ-9413 | 08-12-2017 |
| 4. | ਸ.ਜਗਮੋਹਨ ਸਿੰਘ ਮੰ ਨੰ-390, ਸੈਕਟਰ-16, ਪੰਚਕੂਲਾ | 1000/- | ਐਚ-9414 | 09-12-2017 |
| 5. | ਸ. ਰਵਿੰਦਰ ਸਿੰਘ ਮੰ ਨੰ-2092, 45 ਸੀ. ਚੰਡੀਗੜ੍ਹ | 200/- | ਐਚ-9415 | 15-12-2017 |
| 6. | ਪੰਡਿਤ ਰਾਮ ਕੁਮਾਰ (ਕੰਟੀਨ ਕਨਟੈਕਟਰ) ਬਾਬਾ ਮੱਖਣ ਸ਼ਾਹ ਲੁਬਾਣਾ ਭਵਨ | 500/- | ਐਚ-9416 | 15-12-2017 |
| 7. | ਸ. ਪ੍ਰੀਤਮ ਸਿੰਘ ਭੋਪਾਲ | 100/- | ਐਚ-9417 | 15-12-2017 |
| 8. | ਸ਼੍ਰੀ ਕੋਮਲਪ੍ਰੀਤ ਕੌਰ ਮੰ ਨੰ-5701.ਏ 38 ਵੈਸਟ, ਚੰਡੀਗੜ੍ਹ | 100/- | ਐਚ-9418 | 15-12-2017 |
| 9. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਮਕਾਨ ਨੰਬਰ 2218, ਸੈਕਟਰ 38-ਸੀ | 1100/- | ਐਚ-9419 | 15-12-2017 |

| | | | | |
|---|---|---|---|---|
| 10. | ਸ. ਗੁਰਚਰਨ ਸਿੰਘ ਪਾਲੀਆ<br># 763, ਸੈਕਟਰ 40-ਏ, ਚੰਡੀਗੜ੍ਹ | 200/- | ਐਚ-9420 | 15-12-2017 |
| 11. | ਸ. ਰਾਜਿੰਦਰਪਾਲ ਸਿੰਘ<br>ਮੰ ਨੰ-3134, 38 ਡੀ ਚੰਡੀਗੜ੍ਹ | 200/- | ਐਚ-9421 | 15-12-2017 |
| 12. | ਸੂਬੇਦਾਰ ਮੇਜਰ ਸ. ਅਮਰਜੀਤ ਸਿੰਘ<br>ਮੰ ਨੰ.102, 3ਬੀ1, ਮੋਹਾਲੀ | 200/- | ਐਚ-9423 | 15-12-2017 |
| 13. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ<br>ਮਕਾਨ ਨੰਬਰ 1838, ਫੇਸ-7, ਮੋਹਾਲੀ | 500/- | ਐਚ-9424 | 15-12-2017 |
| 14. | ਸ. ਨਰਿੰਦਰ ਸਿੰਘ<br>(ਰਿਟਾ.ਡੀ.ਪੀ.ਆਈ.ਐਜੂਕੇਸ਼ਨ) | 500/- | ਐਚ-9425 | 15-12-2017 |
| 15. | ਗੁਪਤ ਦਾਨ | 100/- | ਐਚ-9426 | 15-12-2017 |
| 16. | ਸ. ਗੁਰਬਚਨ ਸਿੰਘ<br>ਮੰ ਨੰ.2208, ਸੈਕਟਰ-47ਸੀ ਚੰਡੀਗੜ੍ਹ | 100/- | ਐਚ-9427 | 15-12-2017 |
| 17. | ਸ. ਮਨਜੀਤ ਸਿੰਘ ਮੁਲਤਾਨੀ ਮੋਹਾਲੀ<br>ਮਕਾਨ ਨੰਬਰ 1005, ਸੈਕਟਰ-71, ਮੋਹਾਲੀ | 2000/- | ਐਚ-9428 | 15-12-2017 |
| 18. | ਸ. ਜਸਬੀਰ ਸਿੰਘ | 200/- | ਐਚ-9429 | 15-12-2017 |
| 19. | ਸ. ਜਤਿੰਦਰ ਸਿੰਘ ਯੂ.ਐਸ.ਏ. | 500/- | ਐਚ-9430 | 24-12-2017 |
| 20. | ਸ. ਕੁਲਬੀਰ ਸਿੰਘ<br>ਮੰ. ਨੰ-590, ਫੇਸ-1, ਮੋਹਾਲੀ ਨੇ ਆਪਣੇ<br>ਜਨਮ ਦਿਨ ਮਿਤੀ-02-01-1961 ਦੇ ਜਨਮ ਦਿਨ ਤੇ ਦਾਨ ਦਿੱਤਾ | 1000/- | ਐਚ-9432 | 29-12-2017 |

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

## ਸ਼੍ਰੀ ਗੁਰੂ ਗੋਬਿੰਦ ਸਿੰਘ ਦਸਮ ਪਾਤਸ਼ਾਹ ਦੇ ਗੁਰਪੁਰਬ ਦੇ ਸੰਬੰਧ ਵਿਚ ਨਗਰ ਕੀਰਤਨ ਦਾ ਸਵਾਗਤ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੇ ਮੈਂਬਰ





ਸੰਤ ਪ੍ਰੇਮ ਸਿੰਘ ਮੁਰਾਲੇਵਾਲਾ ਕੰਪਲੈਕਸ ਜਲੰਧਰ ਵਿਖੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ ਮਨਾਉਂਦੀਆਂ ਸੰਗਤਾਂ। ਰਾਗੀ ਸਿੰਘਾਂ ਤੇ ਪਤਵੰਤੇ ਸੱਜਣਾਂ ਨੂੰ ਸਨਮਾਨਿਤ ਕਰਦੇ ਹੋਏ ਡੀ.ਐਸ.ਪੀ. ਮੋਹਿੰਦਰ ਸਿੰਘ, ਡੀ.ਐਸ.ਪੀ. ਅਵਤਾਰ ਸਿੰਘ, ਡਾ. ਕਰਨੈਲ ਸਿੰਘ, ਪਰਮਿੰਦਰਜੀਤ ਸਿੰਘ, ਹੈਡਮਾਸਟਰ ਹਜ਼ਾਰਾ ਸਿੰਘ, ਕੁਲਵੰਤ ਸਿੰਘ ਅਤੇ ਸੂਬੇਦਾਰ ਕੁਲਦੀਪ ਸਿੰਘ





## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਖੇਤਰ ਵਿਚ ਐਂਬੂਲੈਂਸ ਕਮ ਕਲੀਨਿਕਲ ਟੈਸਟਿੰਗ ਮੋਬਾਇਲ ਵੈਨ ਵੱਲੋਂ ਜਲੰਧਰ ਅਤੇ ਕਪੂਰਥਲਾ ਦੇ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਫ੍ਰੀ ਟੈਸਟਿੰਗ ਕੈਂਪਾਂ ਦਾ ਵੇਰਵਾ



**Free blood testing camp was conducted by BABA MAKHAN SHAH LOBANA Foundation (Regd.) Chandigarh at Vill. Pholadiwal Jalandhar Punjab India**

Regd No. 32212/78 Postal No.-- CHD/0111/2015-17

# Executive Committee Meeting held on 23-12-2017 at Jalandhar













ਜਸਵਿੰਦਰ ਸਿੰਘ ਬਿੱਲਾ ਦੀ ਧਰਮਪਤਨੀ ਦੇ ਐਮ.ਸੀ. ਬਨਣ ਦੀ ਖੁਸ਼ੀ ਵਿਚ ਉਨ੍ਹਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਵਾਈਸ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ, ਸ. ਮਨਜੀਤ ਸਿੰਘ ਮੁਲਤਾਨੀ, ਵਾਈਸ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ, ਫਾਇਨਾਂਸ ਸੈਕਟਰੀ ਸ. ਹਰਦਿਆਲ ਸਿੰਘ ਅਤੇ ਮੈਨਟੈਂਸ ਸੈਕਟਰੀ ਸ. ਨਿਰਮਲ ਸਿੰਘ

